Australian Government
Attorney-General's Department

# ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਅਤੇ ਉਪਾਵਾਂ ਨੂੰ ਮਜ਼ਬੂਤ ਬਣਾਉਣਾ

ਸਲਾਹ-ਮਸ਼ਵਰਾ ਪੱਤਰ

ਜੁਲਾਈ 2024

# ਦੇਸ਼ ਦੀ ਮਾਨਤਾ

*ਅਸੀਂ ਆਸਟ੍ਰੇਲੀਆ ਦੇ ਪਿਤਾ-ਪੁਰਖੀ ਨਿਗਰਾਨਾਂ ਨੂੰ ਸਵੀਕਾਰ ਕਰਦੇ ਹਾਂ ਅਤੇ ਜ਼ਮੀਨ, ਸਮੁੰਦਰ ਅਤੇ ਭਾਈਚਾਰੇ ਨਾਲ ਉਹਨਾਂ ਦੇ ਨਿਰੰਤਰ ਚੱਲਦੇ ਆ ਰਹੇ ਰਿਸ਼ਤੇ ਨੂੰ ਸਵੀਕਾਰ ਕਰਦੇ ਹਾਂ। ਅਸੀਂ ਅਤੀਤ, ਵਰਤਮਾਨ ਅਤੇ ਉੱਭਰ ਰਹੇ ਲੋਕਾਂ, ਸੱਭਿਆਚਾਰਾਂ ਅਤੇ ਵੱਡ-ਵਡੇਰਿਆਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ।*

© Commonwealth of Australia 2024

ਕਾਮਨਵੈਲਥ ਕੋਟ ਆਫ਼ ਆਰਮਜ਼ ਤੋਂ ਇਲਾਵਾ, ਇਸ ਪ੍ਰਕਾਸ਼ਨ ਵਿੱਚ ਪੇਸ਼ ਕੀਤੀ ਗਈ ਸਾਰੀ ਸਮੱਗਰੀ https://creativecommons.org/licenses/by/4.0/legalcode 'ਤੇ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 4.0 ਇੰਟਰਨੈਸ਼ਨਲ ਪਬਲਿਕ ਲਾਇਸੈਂਸ ਦੇ ਤਹਿਤ ਪ੍ਰਦਾਨ ਕੀਤੀ ਗਈ ਹੈ।

ਇਸਦਾ ਮਤਲਬ ਹੈ ਕਿ ਇਹ ਲਾਇਸੈਂਸ ਸਿਰਫ਼ ਇਸ ਦਸਤਾਵੇਜ਼ ਵਿਚਲੀ ਸਮੱਗਰੀ 'ਤੇ ਲਾਗੂ ਹੁੰਦਾ ਹੈ।

ਸੰਬੰਧਿਤ ਲਾਇਸੈਂਸ ਸ਼ਰਤਾਂ ਦੇ ਵੇਰਵੇ ਕ੍ਰਿਏਟਿਵ ਕਾਮਨਜ਼ ਦੀ ਵੈੱਬਸਾਈਟ https://creativecommons.org/ 'ਤੇ ਉਪਲਬਧ ਹਨ ਜਿਵੇਂ ਕਿ CC BY 4.0 ਲਾਇਸੈਂਸ ਲਈ ਪੂਰਾ ਕਾਨੂੰਨੀ ਕੋਡ https://creativecommons.org/licenses/by/4.0/legalcode 'ਤੇ ਉਪਲਬਧ ਹੈ।

ਕੋਟ ਆਫ਼ ਆਰਮਜ਼ ਦੀ ਵਰਤੋਂ
ਜਿਨ੍ਹਾਂ ਸ਼ਰਤਾਂ ਦੇ ਤਹਿਤ 'ਕੋਟ ਆਫ਼ ਆਰਮਜ਼' ਦੀ ਵਰਤੋਂ ਕੀਤੀ ਜਾ ਸਕਦੀ ਹੈ,
ਉਹ ਪ੍ਰਧਾਨ ਮੰਤਰੀ ਅਤੇ ਕੈਬਨਿਟ ਵਿਭਾਗ ਦੀ ਵੈੱਬਸਾਈਟ- https://www.pmc.gov.au/government/commonwealth-coat-arms ਦੇ ਵਿਭਾਗ 'ਤੇ ਵੇਰਵੇ ਸਹਿਤ ਦਿੱਤੀਆਂ ਗਈਆਂ ਹਨ।

# ਵਿਸ਼ਾ-ਸੂਚੀ


ਸਹਾਇਤਾ ਅਤੇ ਸਹਿਯੋਗ ..... 5

ਸ਼ਬਦਾਵਲੀ ਬਾਰੇ ਧਿਆਨ ਦੇਣ ਯੋਗ ਗੱਲਾਂ ..... 5

ਸਬਮਿਸ਼ਨ ਕਰਨਾ (ਰਾਏ-ਸੁਝਾਅ ਦੀ ਬੇਨਤੀ ਜਮ੍ਹਾ ਕਰਵਾਉਣਾ) ..... 5

*ਔਨਲਾਈਨ ਸਰਵੇਖਣ ਜਾਂ ਲਿਖਤੀ ਸਬਮਿਸ਼ਨ (ਰਾਏ-ਸੁਝਾਅ ਜਮ੍ਹਾਂ ਕਰਨਾ)* ..... 5

*ਸਲਾਹ-ਮਸ਼ਵਰੇ ਕਰਨ ਦੇ ਹੋਰ ਮਾਧਿਅਮ* ..... 6

ਸਲਾਹ-ਮਸ਼ਵਰੇ ਦੀ ਮਿਆਦ ..... 6

ਪੁੱਛਗਿੱਛ ..... 6

ਜਾਣ-ਪਛਾਣ ..... 7

ਜ਼ਬਰਨ ਵਿਆਹ ..... 7

ਆਸਟ੍ਰੇਲੀਆ ਵਿੱਚ ਜ਼ਬਰਨ ਵਿਆਹ ਖਿਲਾਫ਼ ਮੌਜੂਦਾ ਜਵਾਬੀ ਕਾਰਵਾਈਆਂ ..... 8

*ਸਹਾਇਤਾ ਸੇਵਾਵਾਂ* ..... 8

ਪ੍ਰਚਲਣ ਅਤੇ ਡੇਟਾ ..... 9

*ਪੀੜਤ ਅਤੇ ਬਚਣ ਵਾਲਿਆਂ ਦੀ ਉਮਰ* ..... 9

ਕੇਸ ਉਦਾਹਰਨ ..... 10

ਸਲਾਹ-ਮਸ਼ਵਰੇ ਲਈ ਪ੍ਰਸਤਾਵ ..... 12

ਭਾਗ 1 - ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਸਾਂਝੀ ਸਮਝ ਦਾ ਨਿਰਮਾਣ ਕਰਨਾ ਤਾਂ ਜੋ ਪੀੜਤ ਅਤੇ ਬਚਣ ਵਾਲਿਆਂ ਲੋਕਾਂ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕੀਤਾ ਜਾ ਸਕੇ ..... 14

ਹਾਸਲ ਕੀਤਾ ਜਾਣ ਵਾਲਾ ਨਤੀਜਾ ..... 14

ਸੰਖੇਪ-ਸਾਰ ..... 14

ਫੀਡਬੈਕ ਲਈ ਪ੍ਰਸਤਾਵ ..... 14

ਭਾਗ 2 - ਸਿੱਖਿਆ ਅਤੇ ਜਾਗਰੂਕਤਾ- ਵਧਾਉਣਾ ..... 16

ਹਾਸਲ ਕੀਤੇ ਜਾਣ ਵਾਲੇ ਨਤੀਜੇ ..... 16

ਸੰਖੇਪ-ਸਾਰ ..... 16

ਫੀਡਬੈਕ ਲਈ ਪ੍ਰਸਤਾਵ ..... 16

ਭਾਗ 3 –ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਮਜ਼ਬੂਤ ਕਰਨਾ ..... 18

ਹਾਸਲ ਕੀਤੇ ਜਾਣ ਵਾਲੇ ਨਤੀਜੇ ..... 18

ਸੰਖੇਪ-ਸਾਰ ..... 18

*ਸਿਵਲ ਸੁਰੱਖਿਆਵਾਂ ਅਤੇ ਉਪਾਅ ਕੀ ਹਨ?* ..... 18

*ਮੌਜੂਦਾ ਸਮੇਂ ਵਿੱਚ ਕਿਹੜੀਆਂ ਸਿਵਲ ਸੁਰੱਖਿਆਵਾਂ ਉਪਲਬਧ ਹਨ?* ..... 18

*ਸਾਨੂੰ ਜ਼ਬਰਨ ਵਿਆਹ ਖਿਲਾਫ਼ ਮਜ਼ਬੂਤ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਦੀ ਕਿਉਂ ਲੋੜ ਹੈ?* ..... 19

ਫੀਡਬੈਕ ਲਈ ਪ੍ਰਸਤਾਵ ..... 20

ਮਜ਼ਬੂਤ ਕੀਤੀਆਂ ਸਿਵਲ ਸੁਰੱਖਿਆਵਾਂ ਅਤੇ ਉਪਾਅ - ਮੁੱਖ ਵਿਸ਼ੇਸ਼ਤਾਵਾਂ....22
ਜ਼ੋਖਮ ਕਾਰਕ ਅਤੇ ਸਹਾਇਤਾ ਪ੍ਰਾਪਤ ਕਰਨ ਵਿੱਚ ਰੁਕਾਵਟਾਂ....27
ਬੱਚਿਆਂ ਦੀ ਸਹਾਇਤਾ ਕਰਨਾ....28
ਸਿੱਟਾ....28
ਸਲਾਹ-ਮਸ਼ਵਰੇ ਦੇ ਇਕੱਠੇ ਕੀਤੇ ਹੋਏ ਸਵਾਲ....29
*ਸਲਾਹ-ਮਸ਼ਵਰੇ ਲਈ ਪ੍ਰਸਤਾਵ*....29
*ਭਾਗ 1: ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਸਾਂਝੀ ਸਮਝ ਦਾ ਨਿਰਮਾਣ ਕਰਨਾ ਤਾਂ ਜੋ ਪੀੜਤ ਅਤੇ ਬਚਣ ਵਾਲਿਆਂ ਲੋਕਾਂ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕੀਤਾ ਜਾ ਸਕੇ*....29
*ਭਾਗ 2: ਸਿੱਖਿਆ ਅਤੇ ਜਾਗਰੂਕਤਾ ਵਧਾਉਣਾ*....29
*ਭਾਗ 3: ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਮਜ਼ਬੂਤ ਕਰਨਾ*....29
*ਫੀਡਬੈਕ ਲਈ ਪ੍ਰਸਤਾਵ*....29
*ਆਦੇਸ਼ਾਂ ਲਈ ਆਧਾਰ*....29
*ਆਦੇਸ਼ਾਂ ਦਾ ਦਾਇਰਾ*....30
*ਬਿਨੈਕਾਰ*....30
*ਜਵਾਬਦੇਹ*....30
*ਪੀੜਤ ਅਤੇ ਬਚਣ ਵਾਲੇ ਦੀ ਆਪਣੀ ਮਰਜ਼ੀ*....30
*ਕਾਨੂੰਨੀ ਪ੍ਰਕਿਰਿਆ ਦੌਰਾਨ ਅਦਾਲਤੀ ਸੁਰੱਖਿਆ ਅਤੇ ਸਹਾਇਤਾ*....30
*ਅਸਥਾਈ ਆਦੇਸ਼ ਅਤੇ ਇਕਪਾਸੜ ਸੁਣਵਾਈ*....30
*ਜਵਾਬਦੇਹ ਨੂੰ ਦਸਤਾਵੇਜ਼ ਸੌਂਪਣਾ, ਆਦੇਸ਼ ਲਾਗੂ ਕਰਨਾ ਅਤੇ ਉਲੰਘਣਾਵਾਂ*....30
*ਹੋਰ ਉਪਾਅ*....30
*ਜ਼ੋਖਮ ਕਾਰਕਅਤੇ ਸਹਾਇਤਾ ਪ੍ਰਾਪਤ ਕਰਨ ਵਿੱਚ ਰੁਕਾਵਟਾਂ*....30
*ਬੱਚਿਆਂ ਦੀ ਸਹਾਇਤਾ ਕਰਨਾ*....31

## ਸਹਾਇਤਾ ਅਤੇ ਸਹਿਯੋਗ

ਜ਼ਬਰਨ ਵਿਆਹ ਇੱਕ ਚੁਣੌਤੀਪੂਰਨ ਮੁੱਦਾ ਹੈ ਅਤੇ ਇਸ ਪੇਪਰ ਨੂੰ ਪੜ੍ਹਨ ਨਾਲ ਕੁੱਝ ਲੋਕਾਂ ਵਿੱਚ ਸਖ਼ਤ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ।

ਜੇਕਰ ਤੁਹਾਨੂੰ ਆਪਣੀ ਸੁਰੱਖਿਆ, ਜਾਂ ਕਿਸੇ ਹੋਰ ਵਿਅਕਤੀ ਦੀ ਸੁਰੱਖਿਆ ਪ੍ਰਤੀ ਚਿੰਤਾਵਾਂ ਹਨ, ਜਾਂ ਕੋਈ ਐਮਰਜੈਂਸੀ ਹੈ, ਤਾਂ ਟ੍ਰਿਪਲ ਜ਼ੀਰੋ (000) 'ਤੇ ਫ਼ੋਨ ਕਰੋ।

ਜੇਕਰ ਤੁਸੀਂ ਜਾਂ ਤੁਹਾਡੀ ਜਾਣ-ਪਹਿਚਾਣ ਵਿੱਚੋਂ ਕੋਈ ਜ਼ਬਰਨ ਵਿਆਹ ਦੇ ਸ਼ਿਕਾਰ ਹੋ ਜਾਂ ਕੀਤੇ ਜਾਣ ਦੇ ਖ਼ਤਰੇ ਵਿੱਚ ਹੋ, ਤਾਂ ਤੁਸੀਂ ਆਸਟ੍ਰੇਲੀਅਨ ਫ਼ੈਡਰਲ ਪੁਲਿਸ ਨੂੰ ਰਿਪੋਰਟ ਕਰ ਸਕਦੇ ਹੋ ਜਾਂ 131 237 'ਤੇ ਫ਼ੋਨ ਕਰ ਸਕਦੇ ਹੋ, ਜਾਂ My Blue Sky ਨਾਲ ਉਨ੍ਹਾਂ ਦੀ ਵੈੱਬਸਾਈਟ ਰਾਹੀਂ ਜਾਂ 02 9514 8115 'ਤੇ (ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 9 ਵਜੇ ਵਜੇ ਤੋਂ ਸ਼ਾਮ 5 ਵਜੇ ਤੱਕ, ਸਿਡਨੀ ਸਮੇਂ ਅਨੁਸਾਰ) ਫ਼ੋਨ ਰਾਹੀਂ ਸੰਪਰਕ ਕਰੋ। My Blue Sky ਉਹਨਾਂ ਲੋਕਾਂ ਲਈ ਆਸਟ੍ਰੇਲੀਆ ਦੀ ਰਾਸ਼ਟਰੀ ਸੇਵਾ ਹੈ ਜੋ ਜ਼ਬਰਨ ਕੀਤੇ ਵਿਆਹ ਵਿੱਚ ਫਸੇ ਹੋਏ ਹਨ ਜਾਂ ਜ਼ਬਰਨ ਵਿਆਹ ਕੀਤੇ ਜਾਣ ਬਾਰੇ ਚਿੰਤਤ ਹਨ।

ਹੇਠ ਲਿਖੀਆਂ ਸੇਵਾਵਾਂ ਤੁਹਾਨੂੰ ਸਹਾਇਤਾ ਅਤੇ ਸਹਿਯੋਗ ਵੀ ਦੇ ਸਕਦੀਆਂ ਹਨ:

- Lifeline (ਲਾਈਫ਼ਲਾਈਨ) (13 11 14) - ਰਾਸ਼ਟਰੀ ਸੰਕਟ ਸਹਾਇਤਾ ਅਤੇ ਖੁਦਕੁਸ਼ੀ ਰੋਕਥਾਮ ਸੇਵਾਵਾਂ, ਜੋ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹਨ।
- 1800Respect (1800 737 732) - ਜਿਨਸੀ ਹਮਲੇ, ਘਰੇਲੂ ਅਤੇ ਪਰਿਵਾਰਕ ਹਿੰਸਾ ਲਈ ਰਾਸ਼ਟਰੀ ਸਲਾਹ ਸੇਵਾ, ਜੋ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੁੰਦੀ ਹੈ।
- 13YARN(13 92 76) ਇੱਕ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਸੰਕਟ ਸਹਾਇਤਾ ਹੈਲਪਲਾਈਨ ਹੈ, ਜੋ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੁੰਦੀ ਹੈ।
- Kids Helpline (ਕਿੱਡਜ਼ ਹੈਲਪਲਾਈਨ) (1800 55 1800) - ਬੱਚਿਆਂ ਅਤੇ ਯੁਵਾਵਾਂ (5 ਤੋਂ 25 ਸਾਲ ਦੀ ਉਮਰ) ਲਈ ਤਿਆਰ ਕੀਤੀ ਗਈ ਰਾਸ਼ਟਰੀ ਸੰਕਟ ਸਹਾਇਤਾ, ਜੋ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੁੰਦੀ ਹੈ।

## ਸ਼ਬਦਾਵਲੀ ਬਾਰੇ ਧਿਆਨ ਦੇਣ ਯੋਗ ਗੱਲਾਂ

ਇਹ ਸਲਾਹ-ਮਸ਼ਵਰਾ ਪੱਤਰ 'ਪੀੜਤ ਅਤੇ ਬਚਣ ਵਾਲੇ' ਸ਼ਬਦ ਦੀ ਵਰਤੋਂ ਕਿਸੇ ਅਜਿਹੇ ਵਿਅਕਤੀ ਦਾ ਵਰਣਨ ਕਰਨ ਲਈ ਕਰਦਾ ਹੈ ਜਿਸਨੇ ਜ਼ਬਰਨ ਵਿਆਹ ਦਾ ਅਨੁਭਵ ਕੀਤਾ ਹੈ ਜਾਂ ਕਿਸੇ ਅਜਿਹੇ ਵਿਅਕਤੀ ਦਾ ਜਿਸਨੇ ਜ਼ਬਰਨ ਵਿਆਹ ਕਰਵਾਏ ਜਾਣ ਦੇ ਇਰਾਦੇ ਵਾਲੇ ਵਿਵਹਾਰ ਦਾ ਅਨੁਭਵ ਕੀਤਾ ਹੈ। ਅਸੀਂ ਮੰਨਦੇ ਹਾਂ ਕਿ ਜਿਨ੍ਹਾਂ ਵਿਅਕਤੀਆਂ ਨੇ ਜ਼ਬਰਨ ਵਿਆਹ ਦਾ ਅਨੁਭਵ ਕੀਤਾ ਹੈ ਉਹ ਇਸ ਸ਼ਬਦ ਨਾਲ ਆਪਣੀ ਪਛਾਣ ਕਰਦੇ ਨਹੀਂ ਹੋ ਸਕਦੇ ਹਨ।

## ਸਬਮਿਸ਼ਨ ਕਰਨਾ (ਰਾਏ-ਸੁਝਾਅ ਦੀ ਬੇਨਤੀ ਜਮ੍ਹਾ ਕਰਵਾਉਣਾ)

ਇਹ ਸਲਾਹ-ਮਸ਼ਵਰਾ ਪੱਤਰ ਇੱਕ ਸਾਂਝੀ ਤਾਲਮੇਲ ਵਾਲੀ ਰਾਸ਼ਟਰੀ ਜਵਾਬੀ-ਕਾਰਵਾਈ ਰਾਹੀਂ ਜ਼ਬਰਨ ਵਿਆਹ ਨਾਲ ਨਜਿੱਠਣ ਲਈ ਆਸਟ੍ਰੇਲੀਆਈ ਸਰਕਾਰਾਂ ਦੇ ਕੰਮਕਾਜ ਨੂੰ ਜਾਣਕਾਰੀ ਦੇਣ ਲਈ ਟਿੱਪਣੀਆਂ ਨੂੰ ਸੱਦਾ ਦਿੰਦਾ ਹੈ, ਜਿਸ ਵਿੱਚ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਜ਼ੋਖਮ ਵਾਲੇ ਲੋਕਾਂ ਲਈ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਮਜ਼ਬੂਤ ਕਰਨ ਲਈ ਇੱਕ ਮਾਡਲ ਦਾ ਵਿਕਾਸ ਕਰਨਾ ਸ਼ਾਮਿਲ ਹੈ।

ਅਸੀਂ ਭਾਈਚਾਰੇ ਦੇ ਸਾਰੇ ਮੈਂਬਰਾਂ, ਵਿਸ਼ੇਸ਼ ਤੌਰ 'ਤੇ ਜਿਨ੍ਹਾਂ ਨੇ ਜ਼ਬਰਨ ਵਿਆਹ ਦਾ ਅਨੁਭਵ ਕੀਤਾ ਹੈ, ਜ਼ਬਰਨ ਵਿਆਹ ਨਾਲ ਪ੍ਰਭਾਵਿਤ ਭਾਈਚਾਰਿਆਂ, ਕਾਨੂੰਨੀ ਪੇਸ਼ੇਵਰਾਂ, ਸੇਵਾ ਪ੍ਰਦਾਤਾਵਾਂ, ਫਰੰਟਲਾਈਨ ਰਿਸਪੌਂਡਰਾਂ, ਭਾਈਚਾਰਕ ਗਰੁੱਪਾਂ, ਅਤੇ ਅਕਾਦਮਿਕ ਜਗਤ ਤੋਂ ਸੁਣਨ ਵਿੱਚ ਰੁਚੀ ਰੱਖਦੇ ਹਾਂ।

### *ਔਨਲਾਈਨ ਸਰਵੇਖਣ ਜਾਂ ਲਿਖਤੀ ਸਬਮਿਸ਼ਨ (ਰਾਏ-ਸੁਝਾਅ ਜਮ੍ਹਾਂ ਕਰਨਾ)*

ਇਸ ਸਲਾਹ-ਮਸ਼ਵਰੇ ਦੇ ਪੇਪਰ ਦੇ ਜਵਾਬ ਵਿੱਚ ਸਬਮਿਸ਼ਨ ਕਰਨ ਲਈ, ਕੌਮਨਵੈਲਥ ਅਟਾਰਨੀ-ਜਨਰਲ ਵਿਭਾਗ ਦੇ ਸਲਾਹ-ਮਸ਼ਵਰੇ ਹੱਬ 'ਤੇ ਜਾਓ ਅਤੇ 'Make a submission (ਸਬਮਿਸ਼ਨ ਕਰੋ)' 'ਤੇ ਕਲਿੱਕ ਕਰੋ। ਇਹ ਤੁਹਾਨੂੰ ਇਸ ਪੇਪਰ ਵਿੱਚ ਦਿੱਤੇ ਸਲਾਹ-ਮਸ਼ਵਰੇ ਦੇ ਸਵਾਲਾਂ ਵਾਲੇ ਇੱਕ ਔਨਲਾਈਨ ਸਰਵੇਖਣ ਵਿੱਚ ਲੈ ਜਾਵੇਗਾ। ਤੁਹਾਨੂੰ ਹਰ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ। ਤੁਹਾਡਾ ਕੇਵਲ ਉਨ੍ਹਾਂ ਸਵਾਲਾਂ ਦਾ ਜਵਾਬ ਦੇਣ ਲਈ ਸਵਾਗਤ ਹੈ ਜੋ ਤੁਹਾਡੇ ਜਾਂ ਤੁਹਾਡੀ ਸੰਸਥਾ ਨਾਲ ਸਬੰਧਿਤ ਹਨ। ਤੁਸੀਂ ਸਲਾਹ-ਮਸ਼ਵਰੇ ਦੇ ਹੱਬ ਰਾਹੀਂ ਇੱਕ ਇਕੱਲੇ ਸਬਮਿਸ਼ਨ ਨੂੰ ਵੀ ਅਪਲੋਡ ਕਰ ਸਕਦੇ ਹੋ।

ਤੁਸੀਂ ਆਪਣਾ ਜਵਾਬ ਆਪਣੇ ਨਾਮ ਹੇਠ ਜਾਂ ਗੁੰਮਨਾਮ ਰੂਪ ਵਿੱਚ ਜਮ੍ਹਾ ਕਰਵਾ ਸਕਦੇ ਹੋ। ਜੇਕਰ ਤੁਸੀਂ ਸਹਿਮਤੀ ਦਿੰਦੇ ਹੋ, ਤਾਂ ਅਸੀਂ ਸਲਾਹ-ਮਸ਼ਵਰੇ ਦੀ ਮਿਆਦ ਦੇ ਅੰਤ 'ਤੇ ਜਵਾਬ ਪ੍ਰਕਾਸ਼ਿਤ ਕਰਾਂਗੇ। ਜੇਕਰ ਤੁਸੀਂ ਸਹਿਮਤੀ ਨਹੀਂ ਦਿੰਦੇ, ਜਾਂ ਜੇਕਰ ਇਸ ਸਬਮਿਸ਼ਨ (ਜਮ੍ਹਾ ਕਰਵਾਏ

ਰਾਏ-ਸੁਝਾਅ) ਨੂੰ ਪ੍ਰਕਾਸ਼ਿਤ ਕਰਨ ਵਿੱਚ ਕੋਈ ਸੰਭਾਵੀ ਕਾਨੂੰਨੀ ਸਮੱਸਿਆ ਹੈ ਤਾਂ ਅਸੀਂ ਇਹਨਾਂ ਜਵਾਬਾਂ ਨੂੰ ਪ੍ਰਕਾਸ਼ਿਤ ਨਹੀਂ ਕਰਾਂਗੇ। ਸਬਮਿਸ਼ਨਾਂ ਜਾਣਕਾਰੀ ਦੀ ਆਜ਼ਾਦੀ ਦੀਆਂ ਬੇਨਤੀਆਂ ਜਾਂ ਸੰਸਦ ਤੋਂ ਬੇਨਤੀਆਂ ਦੇ ਅਧੀਨ ਹੋ ਸਕਦੀਆਂ ਹਨ।

ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੁਆਰਾ ਸਾਂਝੀ ਕੀਤੀ ਗਈ ਨਿੱਜੀ ਜਾਣਕਾਰੀ ਨੂੰ *Privacy Act 1988 (Cth)* ਦੇ ਅਨੁਸਾਰ ਸੰਭਾਲਿਆ ਜਾਵੇਗਾ। ਅਟਾਰਨੀ-ਜਨਰਲ ਦੇ ਵਿਭਾਗ ਵੱਲੋਂ ਨਿੱਜੀ ਜਾਣਕਾਰੀ ਇਕੱਠੀ ਕਰਨ, ਸੰਭਾਲਣ ਅਤੇ ਵਰਤਣ ਦੇ ਤਰੀਕੇ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਅਟਾਰਨੀ-ਜਨਰਲ ਦੇ ਵਿਭਾਗ ਦੀ ਪ੍ਰਾਈਵੇਸੀ ਪਾਲਿਸੀ ਵੇਖੋ।

### *ਸਲਾਹ-ਮਸ਼ਵਰੇ ਕਰਨ ਦੇ ਹੋਰ ਮਾਧਿਅਮ*

ਜੇਕਰ ਤੁਸੀਂ ਨਿੱਜੀ ਤੌਰ 'ਤੇ ਜਾਂ ਵੀਡੀਓ ਜਾਂ ਫ਼ੋਨ ਕਾਲ ਰਾਹੀਂ ਆਪਣੀ ਫੀਡਬੈਕ ਦੇਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ForcedMarriage@ag.gov.au 'ਤੇ ਸੰਪਰਕ ਕਰੋ।

ਜੇਕਰ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਆਪਣੀ ਫੀਡਬੈਕ ਦੇਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ForcedMarriage@ag.gov.au ਨਾਲ ਸੰਪਰਕ ਕਰੋ।

ਜੇਕਰ ਤੁਹਾਡੀਆਂ ਕੋਈ ਹੋਰ ਅਪੰਗਤਾ ਪਹੁੰਚਯੋਗਤਾ ਲੋੜਾਂ ਹਨ, ਤਾਂ ਕਿਰਪਾ ਕਰਕੇ ਸਾਨੂੰ ਇਸ ਬਾਰੇ ForcedMarriage@ag.gov.au 'ਤੇ ਸੰਪਰਕ ਕਰਕੇ ਦੱਸੋ।

## ਸਲਾਹ-ਮਸ਼ਵਰੇ ਦੀ ਮਿਆਦ

ਇਹ ਸਲਾਹ-ਮਸ਼ਵਰਾ 29/07/2024 ਨੂੰ ਖੁੱਲ੍ਹੇਗਾ ਅਤੇ 23/09/2024 ਨੂੰ ਬੰਦ ਹੋਵੇਗਾ।

## ਪੁੱਛਗਿੱਛ

ਜੇਕਰ ਤੁਸੀਂ ਆਪਣੀ ਫੀਡਬੈਕ ਬਾਰੇ ਵਿਚਾਰ-ਵਟਾਂਦਰਾ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ForcedMarriage@ag.gov.au ਨਾਲ ਸੰਪਰਕ ਕਰੋ।

## ਜਾਣ-ਪਛਾਣ

ਸਾਰੀਆਂ ਆਸਟ੍ਰੇਲੀਆਈ ਸਰਕਾਰਾਂ ਸਰਕਾਰਾਂ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਦੀ ਬਿਹਤਰ ਸੁਰੱਖਿਆ ਕਰਨ ਲਈ ਮਿਲ ਕੇ ਕੰਮ ਕਰ ਰਹੀਆਂ ਹਨ। ਇਸ ਪੇਪਰ ਵਿੱਚ ਜ਼ਿਕਰ ਕੀਤੇ ਗਏ ਉਪਾਅ ਕੌਮਨਵੈਲਥ, ਸੂਬਾ ਜਾਂ ਟੈਰੀਟਰੀ ਸਰਕਾਰਾਂ ਦੇ ਸਹਿਮਤ ਨਜ਼ਰੀਏ ਦੀ ਨੁਮਾਇੰਦਗੀ ਨਹੀਂ ਕਰਦੇ ਹਨ, ਅਤੇ ਨਾ ਹੀ ਸਰਕਾਰਾਂ ਨੂੰ ਕਾਰਵਾਈ ਕਰਨ ਲਈ ਵਚਨਬੱਧ ਨਹੀਂ ਕਰਦੇ ਹਨ। ਇਸ ਸਲਾਹ-ਮਸ਼ਵਰੇ ਦੇ ਪੇਪਰ ਲਈ ਆਈਆਂ ਪ੍ਰਤਿਕਿਰਿਆਵਾਂ ਆਸਟ੍ਰੇਲੀਆਈ ਨਿਆਂ-ਅਧਿਕਾਰ ਖੇਤਰਾਂ ਦੁਆਰਾ ਕੀਤੇ ਜਾਣ ਵਾਲੇ ਅੱਗੇ ਦੇ ਕੰਮ ਨੂੰ ਜਾਣਕਾਰੀ ਦੇਣਗੀਆਂ ਤਾਂ ਜੋ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਮਜ਼ਬੂਤ ਕਰਨ ਲਈ ਇੱਕ ਮਾਡਲ ਵਿਕਸਿਤ ਕੀਤਾ ਜਾ ਸਕੇ ਅਤੇ ਇਸ 'ਤੇ ਸਹਿਮਤੀ ਹਾਸਲ ਕੀਤੀ ਜਾ ਸਕੇ।

ਆਸਟ੍ਰੇਲੀਆ ਵਿੱਚ ਹਰ ਕੋਈ ਇਹ ਚੁਣਨ ਲਈ ਆਜ਼ਾਦ ਹੈ ਕਿ ਕੀ ਉਹ ਵਿਆਹ ਕਰਵਾਉਣਗੇ, ਕਿਸ ਨਾਲ ਅਤੇ ਕਦੋਂ ਵਿਆਹ ਕਰਵਾਉਣਗੇ। ਕਿਸੇ ਦਾ ਵਿਆਹ ਕਰਵਾਉਣਾ ਜਦੋਂ ਕਿ ਉਹ ਵਿਆਹ ਕਰਵਾਉਣਾ ਨਹੀਂ ਚਾਹੁੰਦੇ ਤਾਂ ਇਹ ਕਦੇ ਵੀ ਸਵੀਕਾਰਯੋਗ ਨਹੀਂ ਹੈ ਅਤੇ ਆਸਟ੍ਰੇਲੀਆ ਵਿੱਚ ਇਹ ਇੱਕ ਅਪਰਾਧ ਹੈ।

ਆਸਟ੍ਰੇਲੀਆਈ ਸਰਕਾਰਾਂ ਇੱਕ ਤਾਲਮੇਲ ਵਾਲੀ ਅਜਿਹੀ ਰਾਸ਼ਟਰੀ ਜਵਾਬੀ-ਕਾਰਵਾਈ ਰਾਹੀਂ ਮਿਲਕੇ ਕੰਮ ਕਰਨ ਲਈ ਵਚਨਬੱਧ ਹਨ ਜੋ ਜ਼ਬਰਨ ਵਿਆਹ ਵਿੱਚ ਫਸੇ ਅਤੇ ਫਸਣ ਦੇ ਜ਼ੋਖਮ ਵਾਲੇ ਲੋਕਾਂ ਲਈ ਉਪਲਬਧ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਮਜ਼ਬੂਤ ਕਰਦੀ ਹੈ। ਸਰਕਾਰਾਂ ਦੇ ਵਿਚਕਾਰ ਸਹਿਯੋਗ ਇੱਕ ਅਜਿਹੇ ਮਾਡਲ ਨੂੰ ਤਿਆਰ ਕਰਨ ਲਈ ਬੁਨਿਆਦੀ ਚੀਜ਼ ਹੈ ਜੋ ਬਰਾਬਰ, ਪਹੁੰਚਯੋਗ ਅਤੇ ਲਾਗੂ ਕਰਨ ਯੋਗ ਹੈ, ਅਤੇ ਜੋ ਜ਼ਬਰਨ ਵਿਆਹ ਖਿਲਾਫ਼ ਜਵਾਬੀ-ਕਾਰਵਾਈਆਂ ਦੀਆਂ ਵਿਲੱਖਣ ਚੁਣੌਤੀਆਂ ਨੂੰ ਹੱਲ ਕਰਦਾ ਹੈ, ਜਿਵੇਂ ਕਿ ਪੀੜਤ ਅਤੇ ਬਚਣ ਵਾਲੇ ਨੂੰ ਆਸਟ੍ਰੇਲੀਆ ਤੋਂ ਜ਼ਬਰਨ ਬਾਹਰ ਲਿਜਾਣ ਤੋਂ ਰੋਕਣਾ ਅਤੇ ਅਜਿਹੀਆਂ ਸੁਰੱਖਿਆਵਾਂ ਪ੍ਰਦਾਨ ਕਰਦਾ ਹੈ ਜੋ ਬੱਚਿਆਂ ਅਤੇ ਬਾਲਗਾਂ ਦੋਹਾਂ ਲਈ ਉਪਲਬਧ ਹਨ।

ਮਜ਼ਬੂਤ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਦਾ ਉਦੇਸ਼ ਨਵੀਆਂ ਰੁਕਾਵਟਾਂ ਅਤੇ ਰੋਕਥਾਮ ਦੇ ਤਰੀਕੇ ਪ੍ਰਦਾਨ ਕਰਨਾ ਹੋਵੇਗਾ ਜੋ ਜ਼ਬਰਨ ਵਿਆਹ ਖਿਲਾਫ਼ ਆਸਟ੍ਰੇਲੀਆ ਦੀਆਂ ਮੌਜੂਦਾ ਜਵਾਬੀ-ਕਾਰਵਾਈਆਂ ਦੇ ਪੂਰਕ ਹਨ, ਜਿਸ ਵਿੱਚ ਸ਼ਾਮਿਲ ਹਨ:

- ਆਸਟ੍ਰੇਲੀਆਈ ਸਰਕਾਰ ਦੇ Support for Trafficked People Program ਰਾਹੀਂ ਉਪਲਬਧ ਜ਼ਬਰਨ ਵਿਆਹ ਖਿਲਾਫ਼ ਸਮਰਪਿਤ ਸਹਾਇਤਾ ਮਾਰਗ
- 2025 ਵਿੱਚ Forced Marriage Specialist Support Program ਦੀ ਸਥਾਪਨਾ ਕਰਨ ਲਈ ਆਸਟ੍ਰੇਲੀਆਈ ਸਰਕਾਰ ਤੋਂ ਨਵੀਂ ਮਾਲੀ-ਸਹਾਇਤਾ, ਜੋ ਵਿਸ਼ੇਸ਼ ਸਹਾਇਤਾ ਪ੍ਰਦਾਨ ਕਰਨ ਦੇ ਨਾਲ-ਨਾਲ ਭਾਈਚਾਰਕ ਸਿੱਖਿਆ ਅਤੇ ਜਾਗਰੂਕਤਾ ਵਧਾਉਣ ਲਈ ਗਤੀਵਿਧੀਆਂ ਕਰੇਗਾ
- ਭਾਈਚਾਰਕ ਸੰਸਥਾਵਾਂ ਨੂੰ ਜ਼ਬਰਨ ਵਿਆਹ ਨੂੰ ਹੱਲ ਕਰਨ ਲਈ ਪ੍ਰੋਗਰਾਮ ਪ੍ਰਦਾਨ ਕਰਨ ਅਤੇ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਦੀ ਸਹਾਇਤਾ ਕਰਨ ਲਈ ਮਾਲੀ-ਸਹਾਇਤਾ ਪ੍ਰਦਾਨ ਕਰਨਾ
- MyBlueSky, ਉਹਨਾਂ ਲੋਕਾਂ ਲਈ ਆਸਟ੍ਰੇਲੀਆ ਦੀ ਸਮਰਪਿਤ ਰਾਸ਼ਟਰੀ ਸੇਵਾ ਹੈ ਜੋ ਜ਼ਬਰਨ ਵਿਆਹ ਵਿੱਚ ਫਸੇ ਹੋਏ ਹਨ ਜਾਂ ਜ਼ਬਰਨ ਵਿਆਹ ਕੀਤੇ ਜਾਣ ਬਾਰੇ ਚਿੰਤਤ ਹਨ, ਜੋ Anti-Slavery Australia (ਐਂਟੀ-ਸਲੇਵਰੀ ਆਸਟ੍ਰੇਲੀਆ) ਦੁਆਰਾ ਚਲਾਇਆ ਜਾਂਦਾ ਹੈ।

ਆਸਟ੍ਰੇਲੀਆਈ ਜਨਤਾ ਵੱਲੋਂ ਦਿੱਤੀ ਫੀਡਬੈਕ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ ਇਹ ਕੰਮ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ ਅਤੇ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਮਜ਼ਬੂਤ ਸਿਵਲ ਸੁਰੱਖਿਆਵਾਂ ਪ੍ਰਦਾਨ ਕਰਦਾ ਹੈ।

## ਜ਼ਬਰਨ ਵਿਆਹ

ਜ਼ਬਰਨ ਵਿਆਹ ਉਦੋਂ ਹੁੰਦਾ ਹੈ ਜਦੋਂ ਕੋਈ ਵਿਅਕਤੀ ਬਗ਼ੈਰ ਆਪਣੀ ਮਰਜ਼ੀ ਅਤੇ ਪੂਰਨ ਸਹਿਮਤੀ ਤੋਂ ਵਿਆਹ ਕਰਵਾਉਂਦਾ ਹੈ ਕਿਉਂਕਿ ਉਹਨਾਂ ਨਾਲ ਜ਼ਬਰਦਸਤੀ ਕੀਤੀ ਗਈ, ਧਮਕਾਇਆ ਗਿਆ ਜਾਂ ਧੋਖਾ ਦਿੱਤਾ ਗਿਆ ਹੁੰਦਾ ਹੈ, ਜਾਂ ਉਹ ਵਿਆਹ ਸਮਾਰੋਹ ਦਾ ਮਤਲਬ ਅਤੇ ਪ੍ਰਭਾਵ ਨੂੰ ਸਮਝਣ ਵਿੱਚ ਅਸਮਰੱਥ ਹੁੰਦੇ ਹਨ, ਜਾਂ ਜਦੋਂ ਉਹਨਾਂ ਦਾ ਵਿਆਹ ਹੋਇਆ ਸੀ ਉਦੋਂ ਉਹਨਾਂ ਦੀ ਉਮਰ 16 ਸਾਲ ਤੋਂ ਘੱਟ ਹੁੰਦੀ ਹੈ।

ਜ਼ਬਰਨ ਵਿਆਹ ਕਿਸੇ ਵੀ ਪਿਛੋਕੜ ਵਾਲੇ ਕਿਸੇ ਵੀ ਵਿਅਕਤੀ ਨਾਲ ਹੋ ਸਕਦਾ ਹੈ। ਯੁਵਾ ਔਰਤਾਂ ਅਤੇ ਲੜਕੀਆਂ ਸਭ ਤੋਂ ਵੱਧ ਖ਼ਤਰੇ ਵਿੱਚ ਹੁੰਦੀਆਂ ਹਨ, ਪਰ ਹਰ ਉਮਰ, ਲਿੰਗ, ਜਿਨਸੀ ਰੁਝਾਨ, ਸੱਭਿਆਚਾਰਾਂ ਜਾਂ ਧਰਮਾਂ ਦੇ ਲੋਕਾਂ ਨੂੰ ਵਿਆਹ ਕਰਵਾਉਣ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ। ਆਸਟ੍ਰੇਲੀਆ ਵਿੱਚ, ਜ਼ਬਰਨ ਵਿਆਹ ਨੂੰ ਗੁਲਾਮੀ-ਵਰਗਾ ਰਿਵਾਜ਼ ਮੰਨਿਆ ਜਾਂਦਾ ਹੈ, ਪਰ ਇਸਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਅਤੇ ਲਿੰਗ-ਅਧਾਰਿਤ ਹਿੰਸਾ ਦੇ ਇੱਕ ਰੂਪ ਵਜੋਂ ਵੀ ਪਛਾਣਿਆ ਜਾਂਦਾ ਹੈ। *ਔਰਤਾਂ ਅਤੇ ਉਹਨਾਂ ਦੇ ਬੱਚਿਆਂ ਵਿਰੁੱਧ ਹਿੰਸਾ ਨੂੰ ਖ਼ਤਮ ਕਰਨ ਦੀ ਰਾਸ਼ਟਰੀ ਯੋਜਨਾ (2022-2032*2032) ਵਿੱਚ ਜ਼ਬਰਨ ਵਿਆਹ ਨੂੰ ਵਿਚਾਰਨ ਵਾਲੇ ਇੱਕ ਮੁੱਦੇ ਵਜੋਂ ਪਛਾਣਿਆ ਗਿਆ ਹੈ।

ਇਹ ਚੇਤੇ ਰੱਖਣਾ ਮਹੱਤਵਪੂਰਨ ਹੈ ਕਿ ਜ਼ਬਰਨ ਵਿਆਹ ਪਰਿਵਾਰ ਵੱਲੋਂ ਕੀਤੇ ਰਿਸ਼ਤੇ ਅਤੇ ਨਕਲੀ ਵਿਆਹਾਂ ਤੋਂ ਵੱਖਰਾ ਹੁੰਦਾ ਹੈ। ਪਰਿਵਾਰ ਵੱਲੋਂ ਕੀਤੇ ਰਿਸ਼ਤੇ ਵਾਲੇ ਵਿਆਹ ਕਾਨੂੰਨੀ ਹੁੰਦੇ ਹਨ ਅਤੇ ਉਹ ਹੁੰਦੇ ਹਨ ਜਿੱਥੇ ਪਰਿਵਾਰ ਜਾਂ ਭਾਈਚਾਰੇ ਦੇ ਮੈਂਬਰ ਜੀਵਨਸਾਥੀ ਨੂੰ ਮਿਲਾਉਣ

ਜਾਂ ਚੁਣਨ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹਨ, ਦੋਵੇਂ ਧਿਰਾਂ ਵਿਆਹ ਲਈ ਸਹਿਮਤੀ ਦਿੰਦੀਆਂ ਹਨ। ਨਕਲੀ ਵਿਆਹ ਉਦੋਂ ਹੁੰਦਾ ਹੈ ਜਦੋਂ ਧੋਖਾਧੜੀ ਦੇ ਉਦੇਸ਼ਾਂ ਲਈ ਦੋਵਾਂ ਧਿਰਾਂ ਦੁਆਰਾ ਆਪਣੀ ਮਰਜ਼ੀ ਨਾਲ ਜਾਅਲੀ ਵਿਆਹ ਕੀਤਾ ਜਾਂਦਾ ਹੈ।

## ਆਸਟ੍ਰੇਲੀਆ ਵਿੱਚ ਜ਼ਬਰਨ ਵਿਆਹ ਖਿਲਾਫ਼ ਮੌਜੂਦਾ ਜਵਾਬੀ ਕਾਰਵਾਈਆਂ

ਜ਼ਬਰਨ ਵਿਆਹ ਖਿਲਾਫ਼ ਆਸਟ੍ਰੇਲੀਆ ਦੀ ਜਵਾਬੀ ਕਾਰਵਾਈ ਸ਼ੋਸ਼ਣ ਦੇ ਗੰਭੀਰ ਰੂਪਾਂ ਨਾਲ ਨਜਿੱਠਣ ਲਈ ਆਸਟ੍ਰੇਲੀਆਈ ਸਰਕਾਰ ਦੀ ਰਣਨੀਤੀ ਦਾ ਹਿੱਸਾ ਹੈ ਜਿਸ ਵਿੱਚ ਮਨੁੱਖੀ ਤਸਕਰੀ, ਗੁਲਾਮੀ ਅਤੇ ਗੁਲਾਮੀ ਵਰਗੀਆਂ ਹੋਰ ਪ੍ਰਥਾਵਾਂ ਜਿਵੇਂ ਕਿ ਸੇਵਕ-ਗੁਲਾਮੀ ਅਤੇ ਜ਼ਬਰਨ ਮਜ਼ਦੂਰੀ ਸ਼ਾਮਿਲ ਹਨ। ਸਮੂਹਿਕ ਤੌਰ 'ਤੇ, ਇਨ੍ਹਾਂ ਪ੍ਰਥਾਵਾਂ ਨੂੰ ਅਕਸਰ 'ਆਧੁਨਿਕ ਗੁਲਾਮੀ' ਕਿਹਾ ਜਾਂਦਾ ਹੈ।

ਆਸਟ੍ਰੇਲੀਆ ਦੀ ਆਧੁਨਿਕ ਗੁਲਾਮੀ ਦੇ ਨਾਲ ਲੜਨ ਦੀ ਰਣਨੀਤੀ, ਜਿਸ ਵਿੱਚ ਜ਼ਬਰਨ ਵਿਆਹ ਵੀ ਸ਼ਾਮਿਲ ਹੈ, ਨੂੰ National Action Plan to Combat Modern Slavery 2020 – 2025 (ਆਧੁਨਿਕ ਗੁਲਾਮੀ ਦੇ ਨਾਲ ਲੜਨ ਲਈ ਰਾਸ਼ਟਰੀ ਕਾਰਵਾਈ ਯੋਜਨਾ 2020-2025) (ਰਾਸ਼ਟਰੀ ਕਾਰਵਾਈ ਯੋਜਨਾ) ਵਿੱਚ ਨਿਰਧਾਰਤ ਕੀਤਾ ਗਿਆ ਹੈ। ਇਸ ਰਾਸ਼ਟਰੀ ਕਾਰਵਾਈ ਯੋਜਨਾ ਵਿੱਚ ਜ਼ਬਰਨ ਵਿਆਹ ਵਿੱਚ ਫਸੇ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਸਿਵਲ ਸੁਰੱਖਿਆ ਅਤੇ ਉਪਾਵਾਂ ਨੂੰ ਮਜ਼ਬੂਤ ਬਣਾਉਣ ਲਈ ਇੱਕ ਮਾਡਲ ਵਿਕਸਿਤ ਕਰਨ ਲਈ ਇੱਕ ਵਿਸ਼ੇਸ਼ ਵਚਨਬੱਧਤਾ ਸ਼ਾਮਿਲ ਹੈ।

ਇਸ Commonwealth *Criminal Code Act 1995* (Cth) (ਇਹ ਅਪਰਾਧਿਕ ਦੰਡਾਵਲੀ) ਵਿੱਚ ਉਹ ਜ਼ੁਰਮ ਸ਼ਾਮਿਲ ਹਨ ਜੋ ਜ਼ਬਰਨ ਵਿਆਹ ਨੂੰ ਅਪਰਾਧ ਘੋਸ਼ਿਤ ਕਰਦੇ ਹਨ। ਇਹ 2013 ਵਿੱਚ ਪੇਸ਼ ਕੀਤੇ ਗਏ ਸਨ। ਇਸ ਅਪਰਾਧਿਕ ਦੰਡਾਵਲੀ ਦੇ ਤਹਿਤ, ਕਿਸੇ ਵਿਅਕਤੀ ਦਾ ਜ਼ਬਰਨ ਵਿਆਹ ਕਰਵਾਉਣ ਦਾ ਕਾਰਨ ਬਣਨਾ, ਅਤੇ/ਜਾਂ ਜ਼ਬਰਨ ਵਿਆਹ ਲਈ ਇੱਕ ਧਿਰ ਬਣਨਾ ਗ਼ੈਰ-ਕਾਨੂੰਨੀ ਹੈ। ਜਦੋਂ ਤੱਕ ਤੁਸੀਂ ਖੁਦ ਜ਼ਬਰਨ ਵਿਆਹ ਦੇ ਪੀੜਤ ਨਹੀਂ ਹੋ, ਜ਼ਬਰਨ ਵਿਆਹ ਦੀ ਇੱਕ ਧਿਰ ਬਣਨ ਦਾ ਮਤਲਬ ਹੈ ਉਸ ਵਿਅਕਤੀ ਨਾਲ ਵਿਆਹ ਕਰਨ ਲਈ ਸਹਿਮਤ ਹੋਣਾ ਜਿਸ ਬਾਰੇ ਤੁਹਾਨੂੰ ਪਤਾ ਹੈ ਜਾਂ ਤੁਹਾਨੂੰ ਸ਼ੱਕ ਹੈ ਕਿ ਉਹ ਜ਼ਬਰਨ ਵਿਆਹ ਕੀਤੇ ਜਾਣ ਦਾ ਪੀੜਤ ਹੈ।

ਆਸਟ੍ਰੇਲੀਆ ਵਿੱਚ ਜ਼ਬਰਨ ਵਿਆਹ ਦੇ ਜ਼ੁਰਮਾਂ ਦੀ ਜਾਂਚ ਕਰਨ ਵਾਲੀ ਮੁੱਖ ਏਜੰਸੀ ਆਸਟ੍ਰੇਲੀਆਈ ਫੈਡਰਲ ਪੁਲਿਸ (AFP) ਹੈ। AFP ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਨੂੰ ਸਹਾਇਤਾ ਲਈ ਵੀ ਭੇਜ ਸਕਦੀ ਹੈ, ਜਿਸ ਵਿੱਚ ਸੁਰੱਖਿਅਤ ਰਿਹਾਇਸ਼, ਵਿੱਤੀ ਸਹਾਇਤਾ, ਕਾਊਂਸਲਿੰਗ ਅਤੇ ਕਾਨੂੰਨੀ ਇਮੀਗ੍ਰੇਸ਼ਨ ਸਲਾਹ ਸ਼ਾਮਿਲ ਹੈ। ਇਹ ਸਹਾਇਤਾ ਤਾਂ ਵੀ ਉਪਲਬਧ ਹੈ ਭਾਵੇਂ ਉਹ ਵਿਅਕਤੀ ਅਪਰਾਧਿਕ ਜਾਂਚ ਜਾਂ ਮੁਕੱਦਮੇ ਵਿੱਚ ਸਹਾਇਤਾ ਕਰਨਾ ਨਹੀਂ ਚਾਹੁੰਦਾ ਹੈ।

### *ਸਹਾਇਤਾ ਸੇਵਾਵਾਂ*

ਸਹਾਇਤਾ ਆਸਟ੍ਰੇਲੀਆਈ ਸਰਕਾਰ ਵੱਲੋਂ ਮਾਲੀ-ਸਹਾਇਤਾ ਪ੍ਰਾਪਤ ਕਰਨ ਵਾਲੇ- Support for Trafficked People Program (ਤਸਕਰੀ ਦੇ ਸ਼ਿਕਾਰ ਲੋਕਾਂ ਲਈ ਸਹਾਇਤਾ ਪ੍ਰੋਗਰਾਮ, STPP) ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ, ਜੋ ਆਸਟ੍ਰੇਲੀਅਨ ਰੈੱਡ ਕਰਾਸ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ। STPP ਉਹਨਾਂ ਲੋਕਾਂ ਲਈ 200 ਦਿਨਾਂ ਤੱਕ ਬਹੁਤ ਜ਼ਿਆਦਾ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿੱਚ ਹਨ। ਇਸ ਵੇਲੇ, ਕੇਵਲ AFP ਹੀ ਗਾਹਕਾਂ ਨੂੰ STPP ਕੋਲ ਭੇਜ ਸਕਦੀ ਹੈ। ਹਾਲਾਂਕਿ, 2024 ਦੇ ਮੱਧ ਵਿੱਚ, STPP ਲਈ ਇੱਕ ਵਧੀਕ ਰੈਫ਼ਰਲ ਮਾਰਗ ਸਥਾਪਿਤ ਕੀਤਾ ਜਾਵੇਗਾ। ਇਸਦਾ ਮਤਲਬ ਇਹ ਹੋਵੇਗਾ ਕਿ ਪੀੜਤ ਅਤੇ ਬਚਣ ਵਾਲੇ AFP ਨਾਲ ਜੁੜੇ ਹੋਣ ਦੀ ਸ਼ਰਤ ਤੋਂ ਬਗ਼ੈਰ, ਕਮਿਊਨਿਟੀ ਸਰਵਿਸ ਪ੍ਰਦਾਤਾ ਰਾਹੀਂ STPP ਤੱਕ ਪਹੁੰਚ ਕਰ ਸਕਣਗੇ। ਇੱਕ ਖੁੱਲੀ ਪ੍ਰਤੀਯੋਗੀ ਗ੍ਰਾਂਟ ਪ੍ਰਕਿਰਿਆ ਦੇ ਬਾਅਦ, Salvation Army (ਸਾਲਵੇਸ਼ਨ ਆਰਮੀ) ਨੂੰ 28 ਨਵੰਬਰ 2025 ਤੱਕ Additional Referral Pathway (ਐਡੀਸ਼ਨਲ ਰੈਫਰਲ ਪਾਥਵੇਅ) ਅਜ਼ਮਾਇਸ਼ ਪ੍ਰੋਗਰਾਮ ਨੂੰ ਚਲਾਉਣ ਲਈ ਚੁਣਿਆ ਗਿਆ ਸੀ। ਉਹ ਹਰੇਕ ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ ਵਿੱਚ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਦੇ ਵਿਚਕਾਰ STPP ਲਈ ਸੰਭਾਵਿਤ ਪੀੜਤ ਅਤੇ ਬਚਣ ਵਾਲਿਆਂ ਦੀ ਯੋਗਤਾ ਦਾ ਮੁਲਾਂਕਣ ਕਰਨਗੇ, ਅਤੇ ਕੰਮਕਾਜੀ ਘੰਟਿਆਂ ਬਾਅਦ ਜਾਣਕਾਰੀ ਤੱਕ ਪਹੁੰਚ ਲਈ ਉਨ੍ਹਾਂ ਕੋਲ ਇੱਕ ਵੈੱਬਸਾਈਟ ਅਤੇ ਮੈਸਜ਼ ਸੇਵਾ ਵੀ ਉਪਲਬਧ ਹੈ।

ਆਸਟ੍ਰੇਲੀਆਈ ਸਰਕਾਰ ਨੇ Forced Marriage Specialist Support Program (ਜ਼ਬਰਨ ਵਿਆਹ ਪ੍ਰਤੀ ਮਾਹਰ ਸਹਾਇਤਾ ਪ੍ਰੋਗਰਾਮ, FMSSP) ਦੀ ਸਥਾਪਨਾ ਕਰਨ ਲਈ 5 ਸਾਲਾਂ ਵਿੱਚ $12.1 ਮਿਲੀਅਨ ਰਕਮ ਦੇਣ ਦਾ ਵਾਅਦਾ ਵੀ ਕੀਤਾ ਹੈ, ਜੋ ਕਿ ਜ਼ਬਰਨ ਵਿਆਹ ਬਾਰੇ ਜਨਵਰੀ 2025 ਵਿੱਚ ਸ਼ੁਰੂ ਹੋਣ ਵਾਲਾ ਇੱਕ ਰਾਸ਼ਟਰੀ ਪ੍ਰੋਗਰਾਮ ਹੋਵੇਗਾ। ਇਹ FMSSP ਗਾਹਕਾਂ ਦੀ ਸਿਹਤ, ਭਲਾਈ, ਸਰੀਰਕ ਅਤੇ ਸਮਾਜਿਕ ਲੋੜਾਂ ਨੂੰ ਪੂਰਾ ਕਰਨ ਲਈ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਾਲੇ ਲੋਕਾਂ ਲਈ ਨਿੱਜੀ ਲੋੜ-ਆਧਾਰਿਤ ਰੋਕਥਾਮ ਅਤੇ ਸ਼ੁਰੂਆਤੀ ਦਖ਼ਲ ਸਹਾਇਤਾ ਪ੍ਰਦਾਨ ਕਰੇਗਾ, ਜਿਸ ਵਿੱਚ ਲੋੜ ਪੈਣ 'ਤੇ ਕਾਊਂਸਲਿੰਗ ਅਤੇ ਐਮਰਜੈਂਸੀ ਰਿਹਾਇਸ਼ ਤੱਕ ਲਾਜ਼ਮੀ ਪਹੁੰਚ ਵੀ ਸ਼ਾਮਿਲ ਹੈ। FMSSP 'ਇਹ ਗ਼ਲਤ ਸਥਾਨ ਨਹੀਂ ਹੈ' ਦੀ ਪਹੁੰਚ ਅਪਣਾਵੇਗੀ, ਜਿਸ ਵਿੱਚ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕ ਭਾਈਚਾਰੇ ਵਿੱਚ ਮੌਜੂਦ 'ਸੌਫ਼ਟ ਐਂਟਰੀ' ਪੁਆਇੰਟਾਂ ਰਾਹੀਂ ਪ੍ਰੋਗਰਾਮ ਤੱਕ ਪਹੁੰਚ ਕਰ ਸਕਣਗੇ। FMSSP ਵਿੱਚ ਨਵੀਂਆਂ ਭਾਈਚਾਰਕ ਸਿੱਖਿਆ ਅਤੇ ਜਾਗਰੂਕਤਾ ਪੈਦਾ ਕਰਨ ਵਾਲੀਆਂ ਪਹਿਲਕਦਮੀਆਂ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ, ਜੋ ਆਸਟ੍ਰੇਲੀਆ ਭਰ ਵਿੱਚ ਭਾਈਚਾਰਿਆਂ ਨਾਲ ਨਜ਼ਦੀਕੀ ਪੱਧਰ 'ਤੇ ਮਿਲ ਕੇ ਕੰਮ ਕਰਨਗੀਆਂ।

FMSSP ਦੀ ਸਥਾਪਨਾ ਦੇ ਪੂਰਕ ਤੌਰ 'ਤੇ, ਆਸਟ੍ਰੇਲੀਆਈ ਸਰਕਾਰ ਨੇ Anti Slavery Australia ਦੁਆਰਾ ਪ੍ਰਦਾਨ ਕੀਤੇ ਜਾਂਦੇ *Speak Now (ਸਪੀਕ ਨਾਓ)* ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ $2.2 ਮਿਲੀਅਨ ਦੇਣ ਦਾ ਵਚਨ ਦਿੱਤਾ ਹੈ, ਤਾਂ ਜੋ ਸਿੱਖਿਆ, ਜਾਗਰੂਕਤਾ ਪੈਦਾ ਕਰਨ ਅਤੇ ਸਹਿਯੋਗ ਦੁਆਰਾ ਜ਼ਬਰਨ ਵਿਆਹ ਦੀ ਰੋਕਥਾਮ ਜਾਰੀ ਰਹੇ।

## ਪ੍ਰਚਲਣ ਅਤੇ ਡੇਟਾ

*ਰਿਪੋਰਟਾਂ ਦੀ ਗਿਣਤੀ*

ਜ਼ਬਰਨ ਵਿਆਹ ਦੀਆਂ ਰਿਪੋਰਟਾਂ ਦੀ ਗਿਣਤੀ AFP ਨੂੰ ਕੀਤੀਆਂ ਜਾਣ ਵਾਲੀਆਂ ਆਧੁਨਿਕ ਗੁਲਾਮੀ ਦੀਆਂ ਸਾਰੀਆਂ ਰਿਪੋਰਟਾਂ ਦਾ ਇੱਕ ਵੱਡਾ ਹਿੱਸਾ ਹੁੰਦੀ ਹੈ। ਜ਼ਬਰਨ ਵਿਆਹ ਅਕਸਰ ਲੁਕਿਆ ਹੋਇਆ ਹੁੰਦਾ ਹੈ ਅਤੇ ਇਹ ਘੱਟ ਰਿਪੋਰਟ ਕੀਤਾ ਜਾਂਦਾ ਅਤੇ ਘੱਟ ਪਛਾਣਿਆ ਜਾਂਦਾ ਹੈ। ਪੀੜਤ ਅਤੇ ਬਚਣ ਵਾਲੇ ਅਕਸਰ ਯੁਵਕ ਹੁੰਦੇ ਹਨ ਅਤੇ ਉਹ ਅੱਗੇ ਆਉਣ ਅਤੇ ਰਿਪੋਰਟ ਕਰਨ ਤੋਂ ਡਰਦੇ ਹਨ। ਮਜ਼ਬੂਰ ਅਤੇ ਕਾਬੂ ਹੇਠ ਰੱਖਿਆ ਜਾਣਾ ਵੀ ਪੀੜਤ ਅਤੇ ਬਚਣ ਵਾਲਿਆਂ ਨੂੰ ਮੱਦਦ ਮੰਗਣ ਤੋਂ ਰੋਕ ਸਕਦੇ ਹਨ। ਆਸਟ੍ਰੇਲੀਆ ਵਿੱਚ, ਖੋਜ ਇਸ਼ਾਰਾ ਕਰਦੀ ਹੈ ਕਿ ਆਧੁਨਿਕ ਗੁਲਾਮੀ ਦੇ ਪੰਜ ਪੀੜਤਾਂ ਵਿੱਚੋਂ ਸਿਰਫ਼ ਇੱਕ ਦਾ ਹੀ ਪਤਾ ਲੱਗਦਾ ਹੈ।


**ਸਾਰਣੀ 1: AFP ਨੂੰ ਵਿੱਤੀ ਸਾਲ 2018 ਤੋਂ 2023 (5 ਸਾਲ) ਵਿਚਕਾਰ ਮਿਲੀਆਂ ਆਧੁਨਿਕ ਗੁਲਾਮੀ ਦੀਆਂ ਰਿਪੋਰਟਾਂ**

| | ਵਿੱਤੀ ਸਾਲ 2018-19 | ਵਿੱਤੀ ਸਾਲ 2019-20 | ਵਿੱਤੀ ਸਾਲ 2020-21 | ਵਿੱਤੀ ਸਾਲ 2021-22 | **ਵਿੱਤੀ ਸਾਲ 2022-23** |
|---|---|---|---|---|---|
| **ਜ਼ਬਰਨ ਵਿਆਹ** | 95 | 92 | 79 | 84 | **90** |
| **ਆਧੁਨਿਕ ਗੁਲਾਮੀ ਦੀਆਂ ਕੁੱਲ ਇਤਲਾਹਾਂ** | 220 | 223 | 224 | 294 | **340** |

*ਪੀੜਤ ਅਤੇ ਬਚਣ ਵਾਲਿਆਂ ਦੀ ਉਮਰ*

ਜ਼ਬਰਨ ਵਿਆਹ ਬਾਰੇ AFP ਨੂੰ ਕੀਤੀਆਂ ਜ਼ਿਆਦਾਤਰ ਰਿਪੋਰਟਾਂ ਵਿੱਚ ਪੀੜਤ ਅਤੇ ਬਚਣ ਵਾਲਿਆਂ ਦੀ ਉਮਰ 18 ਸਾਲ ਤੋਂ ਘੱਟ ਹੈ, ਜਿਸ ਵਿੱਚੋਂ ਜ਼ਿਆਦਾਤਰ 16 ਸਾਲ ਤੋਂ ਘੱਟ ਹਨ। 1 ਜੁਲਾਈ 2016 ਤੋਂ 30 ਜੂਨ 2022 ਤੱਕ, 56% ਰਿਪੋਰਟਾਂ ਵਿੱਚ ਪੀੜਤ ਅਤੇ ਬਚਣ ਵਾਲਿਆਂ ਦੀ ਉਮਰ 18 ਸਾਲ ਤੋਂ ਘੱਟ ਸੀ, ਜਿਸ ਵਿੱਚੋਂ 31% ਦੀ ਉਮਰ 16 ਸਾਲ ਤੋਂ ਘੱਟ ਅਤੇ 25% ਦੀ ਉਮਰ 16 ਤੋਂ 18 ਸਾਲ ਦੇ ਵਿਚਕਾਰ ਸੀ।

**ਗ੍ਰਾਫ਼ 1: ਜ਼ਬਰਨ ਵਿਆਹ ਦੀਆਂ ਰਿਪੋਰਟਾਂ - ਰਿਪੋਰਟ ਦੇ ਸਮੇਂ ਪੀੜਤ ਅਤੇ ਬਚਣ ਵਾਲੇ ਦੀ ਉਮਰ (5- ਸਾਲ ਦਾ ਵਿਸ਼ਲੇਸ਼ਣ)**




*ਨੋਟ: ਇਹ ਅੰਕੜੇ ਹੋਏ ਜ਼ੁਰਮਾਂ, ਜ਼ੁਰਮ ਕਰਨ ਦੀਆਂ ਕੋਸ਼ਿਸ਼ਾਂ ਅਤੇ ਵਾਪਰਨ ਦੇ ਜ਼ੋਖਮ ਵਾਲੇ ਜ਼ੁਰਮਾਂ ਦੀਆਂ ਰਿਪੋਰਟਾਂ ਨਾਲ ਸੰਬੰਧਿਤ ਹਨ।*

## ਕੇਸ ਉਦਾਹਰਨ

ਹੇਠਾਂ ਦਿੱਤੀਆਂ ਕਹਾਣੀਆਂ ਕੁੱਝ ਅਜਿਹੇ ਤਰੀਕਿਆਂ ਦੀਆਂ ਉਦਾਹਰਨਾਂ ਪੇਸ਼ ਕਰਦੀਆਂ ਹਨ ਜਿਨ੍ਹਾਂ ਨਾਲ ਲੋਕਾਂ ਨੂੰ ਵਿਆਹ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ। ਇਹ ਮਨਘੜਤ ਉਦਾਹਰਨਾਂ ਹਨ, ਅਤੇ ਅਸਲ ਮਾਮਲਿਆਂ ਦੇ ਹਾਲਾਤਾਂ ਤੋਂ ਪ੍ਰੇਰਿਤ ਹਨ।

**ਕੇਸ ਉਦਾਹਰਨ**

ਯਾਸਮੀਨ ਇੱਕ 15 ਸਾਲਾ ਆਸਟ੍ਰੇਲੀਆਈ ਨਾਗਰਿਕ ਹੈ।

ਯਾਸਮੀਨ ਆਪਣੇ ਦਾਦਾ-ਦਾਦੀ ਨੂੰ ਮਿਲਣ ਲਈ ਵਿਦੇਸ਼ ਜਾਂਦੀ ਹੈ ਜਦੋਂ ਕਿ ਉਸਦੇ ਮਾਪੇ ਆਸਟ੍ਰੇਲੀਆ ਵਿੱਚ ਹੀ ਰਹਿੰਦੇ ਹਨ। ਉਸ ਨੂੰ ਜਲਦੀ ਹੀ ਪਤਾ ਲੱਗਦਾ ਹੈ ਕਿ ਉਸਦੇ ਮਾਤਾ-ਪਿਤਾ ਨੇ ਇਸ ਫੇਰੀ ਦੌਰਾਨ ਉਸਦਾ ਵਿਆਹ ਉਸਦੇ ਚਚੇਰੇ ਭਰਾ ਨਾਲ ਕਰਨ ਦਾ ਇੰਤਜ਼ਾਮ ਕੀਤਾ ਹੈ, ਜੋ ਕਿ ਉਸ ਤੋਂ ਲਗਭਗ 20 ਸਾਲ ਵੱਡਾ ਹੈ। ਯਾਸਮੀਨ ਆਪਣੇ ਮਾਤਾ-ਪਿਤਾ ਨੂੰ ਕਹਿੰਦੀ ਹੈ ਕਿ ਉਹ ਵਿਆਹ ਨਹੀਂ ਕਰਵਾਉਣਾ ਚਾਹੁੰਦੀ, ਪਰ ਉਹ ਜ਼ੋਰ ਦਿੰਦੇ ਹਨ ਕਿ ਵਿਆਹ ਹੋਣਾ ਹੀ ਚਾਹੀਦਾ ਹੈ, ਅਤੇ ਇਸ ਵਿਆਹ ਦੀ ਆਪਣੇ ਪਰਿਵਾਰ ਅਤੇ ਭਾਈਚਾਰੇ ਲਈ ਮਹੱਤਤਾ 'ਤੇ ਜ਼ੋਰ ਦਿੰਦੇ ਹਨ।

ਯਾਸਮੀਨ ਦੇ ਰਿਸ਼ਤੇਦਾਰ ਉਸਦਾ ਪਾਸਪੋਰਟ ਉਸ ਤੋਂ ਖੋਹ ਲੈਂਦੇ ਹਨ ਅਤੇ ਉਸਨੂੰ ਉਸਦੇ ਮੂਲ ਦੇਸ਼ ਦੇ ਇੱਕ ਅਜਿਹੇ ਹਿੱਸੇ ਵਿੱਚ ਕਿਸੇ ਹੋਰ ਰਿਸ਼ਤੇਦਾਰ ਦੇ ਘਰ ਲੈ ਜਾਂਦੇ ਹਨ ਜਿਸ ਤੋਂ ਉਹ ਅਣਜਾਣ ਹੈ। ਉਸਨੂੰ ਘਰ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੈ ਅਤੇ ਉਸਨੂੰ ਫ਼ੋਨ ਦੀ ਪਹੁੰਚ ਵੀ ਨਹੀਂ ਦਿੱਤੀ ਜਾਂਦੀ, ਸਿਵਾਏ ਉਸ ਵੇਲੇ ਜਦੋਂ ਉਸਦੇ ਮਾਪੇ ਉਸਨੂੰ ਫ਼ੋਨ ਕਰਦੇ ਹਨ।

ਇੱਕ ਦਿਨ, ਯਾਸਮੀਨ ਦੇ ਮਾਤਾ-ਪਿਤਾ ਉਸਨੂੰ ਫ਼ੋਨ ਕਰਕੇ ਕਹਿੰਦੇ ਹਨ ਕਿ ਉਹ ਤਾਂ ਹੀ ਆਸਟ੍ਰੇਲੀਆ ਵਾਪਸ ਆ ਸਕੇਗੀ ਅਤੇ ਸਕੂਲ ਵਾਪਸ ਜਾ ਸਕੇਗੀ ਜੇਕਰ ਉਹ ਉਸ ਆਦਮੀ ਨਾਲ ਵਿਆਹ ਕਰਨ ਲਈ ਸਹਿਮਤ ਹੋ ਜਾਂਦੀ ਹੈ ਜਿਸਨੂੰ ਉਹਨਾਂ ਨੇ ਉਸਦੇ ਲਈ ਚੁਣਿਆ ਹੈ। ਯਾਸਮੀਨ ਆਪਣੇ ਮਾਤਾ-ਪਿਤਾ ਨੂੰ ਕਹਿੰਦੀ ਹੈ ਕਿ ਉਹ ਉਸ ਆਦਮੀ ਨਾਲ ਵਿਆਹ ਕਰਨ ਲਈ ਸਹਿਮਤ ਹੈ ਪਰ ਜਦੋਂ ਹੀ ਉਹ ਉਨ੍ਹਾਂ ਨਾਲ ਕਾਲ 'ਤੇ ਗੱਲਬਾਤ ਖ਼ਤਮ ਕਰਦੀ ਹੈ, ਤਾਂ ਉਹ ਜਲਦੀ ਨਾਲ ਆਪਣੀ ਆਸਟ੍ਰੇਲੀਆ ਵਿੱਚ ਮੌਜੂਦ ਇੱਕ ਨਜ਼ਦੀਕੀ ਸਹੇਲੀ ਨਾਲ ਸੰਪਰਕ ਕਰਦੀ ਹੈ ਤਾਂ ਜੋ ਉਹ ਉਸਨੂੰ ਦੱਸ ਸਕੇ ਕਿ ਕੀ ਹੋਇਆ ਹੈ ਅਤੇ ਉਹ ਕਿਵੇਂ ਵਿਆਹ ਨਹੀਂ ਕਰਨਾ ਚਾਹੁੰਦੀ ਹੈ। ਉਹ ਆਪਣੀ ਸਹੇਲੀ ਨੂੰ ਦੱਸਦੀ ਹੈ ਕਿ ਉਹ ਨਹੀਂ ਜਾਣਦੀ ਕਿ ਉਹ ਕਿੱਥੇ ਹੈ ਅਤੇ ਇਹ ਵੀ ਨਹੀਂ ਪਤਾ ਕਿ ਕਿਵੇਂ ਮੱਦਦ ਮਿਲ ਸਕਦੀ ਹੈ। ਉਸਦੀ ਸਹੇਲੀ ਮੱਦਦ ਅਤੇ ਸਲਾਹ ਲੈਣ ਲਈ ਇੱਕ ਸਥਾਨਕ ਕਮਿਊਨਿਟੀ ਸੰਸਥਾ ਨਾਲ ਸੰਪਰਕ ਕਰਦੀ ਹੈ।

**ਕੇਸ ਉਦਾਹਰਨ**

ਸੈਮ ਇੱਕ 20 ਸਾਲਾ ਸਮਲਿੰਗੀ ਵਿਅਕਤੀ ਹੈ। ਉਹ ਦੋ ਸਾਲਾਂ ਤੋਂ ਗੁਪਤ ਰੂਪ ਵਿੱਚ ਆਪਣੇ ਬੁਆਏਫ੍ਰੈਂਡ (ਮੁੰਡੇ-ਪ੍ਰੇਮੀ) ਨੂੰ ਡੇਟ ਕਰ ਰਿਹਾ ਹੈ।

ਸੈਮ ਦੇ ਮਾਪੇ ਬਹੁਤ ਰਵਾਇਤੀ ਹਨ। ਸੈਮ ਆਪਣੇ ਮਾਪਿਆਂ ਦੀ ਬਹੁਤ ਪਰਵਾਹ ਕਰਦਾ ਹੈ ਅਤੇ ਡਰਦਾ ਹੈ ਕਿ ਉਹ ਉਸਦੇ ਬੁਆਏਫ੍ਰੈਂਡ ਨੂੰ ਮੰਨਜ਼ੂਰ ਨਹੀਂ ਕਰਨਗੇ..

ਇੱਕ ਦਿਨ, ਸੈਮ ਦਾ ਅੰਕਲ ਸੈਮ ਨੂੰ ਉਸਦੇ ਬੁਆਏਫ੍ਰੈਂਡ ਨਾਲ ਵੇਖ ਲੈਂਦਾ ਹੈ ਅਤੇ ਉਸਦੇ ਮਾਪਿਆਂ ਨੂੰ ਇਸ ਬਾਰੇ ਦੱਸ ਦਿੰਦਾ ਹੈ। ਉਹ ਸੈਮ ਦੇ ਮਾਤਾ-ਪਿਤਾ ਨੂੰ ਆਪਣੇ ਭਾਈਚਾਰੇ ਵਿੱਚ ਪਰਿਵਾਰ ਦੀ ਇੱਜ਼ਤ ਨੂੰ ਖ਼ਰਾਬ ਕਰਨ ਤੋਂ ਬਚਾਉਣ ਲਈ ਜਲਦੀ-ਜਲਦੀ ਵਿੱਚ ਸੈਮ ਦਾ ਵਿਆਹ ਕਿਸੇ ਔਰਤ ਨਾਲ ਕਰਨ ਲਈ ਮਨਾ ਲੈਂਦਾ ਹੈ।

ਇਸਤੋਂ ਬਾਅਦ ਜਲਦੀ ਹੀ, ਉਸਦੇ ਮਾਤਾ-ਪਿਤਾ ਆਪਣੇ ਭਾਈਚਾਰੇ ਵਿੱਚੋਂ ਇੱਕ ਔਰਤ ਨੂੰ ਲੱਭ ਲੈਂਦੇ ਹਨ ਜੋ ਸੈਮ ਨਾਲ ਵਿਆਹ ਕਰਨ ਲਈ ਸਹਿਮਤ ਹੋ ਜਾਂਦੀ ਹੈ। ਸੈਮ ਉਸ ਨੂੰ ਪਹਿਲਾਂ ਕਦੇ ਵੀ ਨਹੀਂ ਮਿਲਿਆ ਹੈ ਅਤੇ ਆਪਣੇ ਪਰਿਵਾਰ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਉਸ ਨਾਲ ਵਿਆਹ ਨਹੀਂ ਕਰਨਾ ਚਾਹੁੰਦਾ ਹੈ। ਸੈਮ ਦਾ ਅੰਕਲ ਉਸਨੂੰ ਕਹਿੰਦਾ ਹੈ ਕਿ ਉਹ ਸੁਆਰਥੀ ਹੋ ਰਿਹਾ ਹੈ ਅਤੇ ਉਹਨਾਂ ਦੇ ਪਰਿਵਾਰ ਨੂੰ ਸ਼ਰਮਸਾਰ ਕਰ ਰਿਹਾ ਹੈ ਅਤੇ ਜ਼ੋਰ ਦਿੰਦਾ ਹੈ ਕਿ ਸੈਮ ਦੇ ਮਾਪੇ ਵਿਆਹ ਦੀਆਂ ਤਿਆਰੀਆਂ ਜਾਰੀ ਰੱਖਣ। ਸੈਮ ਠੰਢਾ ਪੈ ਜਾਂਦਾ ਹੈ ਅਤੇ ਵਿਆਹ ਦੀ ਕਾਨੂੰਨੀ ਰਸਮ ਕਰ ਲੈਂਦਾ ਹੈ ਪਰ ਨਾਖੁਸ਼ ਹੈ ਅਤੇ ਇਸ ਵਿਆਹ ਨੂੰ ਕਾਇਮ ਨਹੀਂ ਰੱਖਣਾ ਚਾਹੁੰਦਾ ਹੈ। ਜਦੋਂ ਉਹ ਇਸ ਬਾਰੇ ਗੱਲ ਕਰਦਾ ਹੈ, ਤਾਂ ਸੈਮ ਦਾ ਅੰਕਲ ਗੁੱਸੇ ਹੋ ਜਾਂਦਾ ਹੈ ਅਤੇ ਸੈਮ ਦੇ ਮਾਪਿਆਂ ਨੂੰ ਇਸ ਗੱਲ ਦਾ ਡਰ ਦਿਖਾਕੇ ਉਸ ਨੂੰ ਵਿਆਹ ਛੱਡਣ ਤੋਂ ਰੋਕਣ ਲਈ ਮਨਾਉਂਦਾ ਹੈ ਕਿ ਸੈਮ ਆਪਣੇ ਬੁਆਏਫ੍ਰੈਂਡ ਕੋਲ ਵਾਪਸ ਜਾ ਸਕਦਾ ਹੈ।

ਸੈਮ ਡਰਦਾ ਹੈ ਕਿ ਪੁਲਿਸ ਨੂੰ ਇਸਦੀ ਰਿਪੋਰਟ ਕਰਨ ਨਾਲ ਉਹ ਆਪਣੇ ਮਾਤਾ-ਪਿਤਾ ਨੂੰ ਮੁਸੀਬਤ ਵਿੱਚ ਪਾ ਦੇਵੇਗਾ। ਸੈਮ ਸੋਚਦਾ ਹੈ ਕਿ ਉਹ ਸ਼ਾਇਦ ਆਪਣੇ ਮਾਤਾ-ਪਿਤਾ ਨਾਲ ਇਸ ਬਾਰੇ ਗੱਲ ਕਰ ਸਕਦਾ ਹੈ ਪਰ ਇਹ ਵੀ ਚਿੰਤਾ ਕਰਦਾ ਹੈ ਕਿ ਉਸਦਾ ਅੰਕਲ ਸੈਮ ਦੇ ਮਾਪਿਆਂ 'ਤੇ ਉਸਨੂੰ ਵਿਆਹ ਵਿੱਚ ਰਹਿਣ ਲਈ ਮਜ਼ਬੂਰ ਕਰਨ ਵਿੱਚ ਲਗਾਤਾਰ ਦਬਾਅ ਪਾਉਂਦਾ ਰਹੇਗਾ।

**ਕੇਸ ਉਦਾਹਰਨ**

ਜ਼ਾਰਾ 17 ਸਾਲ ਦੀ ਹੈ ਅਤੇ ਉਹ ਕੁੱਝ ਕੁ ਮਹੀਨਿਆਂ ਵਿੱਚ 12ਵੀਂ ਜਮਾਤ ਮੁਕੰਮਲ ਕਰਨ ਵਾਲੀ ਹੈ।

ਜ਼ਾਰਾ ਦੇ ਪਿਤਾ ਬਹੁਤ ਸਖ਼ਤ ਅਤੇ ਕੰਟਰੋਲ ਕਰਨ ਵਾਲੇ ਹਨ ਅਤੇ ਉਹ ਉਨ੍ਹਾਂ ਤੋਂ ਡਰਦੀ ਹੈ। ਜਦੋਂ ਜ਼ਾਰਾ 15 ਸਾਲਾਂ ਦੀ ਸੀ, ਤਾਂ ਉਸਦੇ ਪਿਤਾ ਨੇ ਉਸਦਾ ਵਿਆਹ ਉਸਦੇ ਮੂਲ ਦੇਸ਼ ਦੇ ਇੱਕ ਆਦਮੀ ਨਾਲ ਕਰਨ ਦਾ ਪ੍ਰਬੰਧ ਕੀਤਾ ਸੀ। ਜ਼ਾਰਾ ਆਪਣੇ ਪਿਤਾ ਨੂੰ ਬੇਨਤੀ ਕਰਦੀ ਹੈ ਅਤੇ ਉਸਨੂੰ ਉਦੋਂ ਤੱਕ ਉਡੀਕ ਕਰਨ ਲਈ ਮਨਾ ਲੈਂਦੀ ਹੈ ਜਦੋਂ ਤੱਕ ਉਹ ਘੱਟੋ-ਘੱਟ ਆਪਣੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਨਹੀਂ ਕਰ ਲੈਂਦੀ ਹੈ।

ਹੁਣ ਜਦੋਂ ਕਿ ਜ਼ਾਰਾ ਆਪਣੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰਨ ਦੇ ਕਰੀਬ ਹੈ, ਉਸਦਾ ਪਿਤਾ ਜ਼ਾਰਾ ਨੂੰ ਆਪਣੇ ਮੂਲ ਦੇਸ਼ ਵਿੱਚ ਉਸ ਆਦਮੀ ਨਾਲ ਵਿਆਹ ਕਰਨ ਲਈ ਜਾਣ ਦੀਆਂ ਤਿਆਰੀਆਂ ਕਰਨਾ ਸ਼ੁਰੂ ਕਰ ਦਿੰਦਾ ਹੈ ਜਿਸਨੂੰ ਉਸਨੇ ਜ਼ਾਰਾ ਲਈ ਚੁਣਿਆ ਹੈ। ਜ਼ਾਰਾ ਮਹਿਸੂਸ ਕਰਦੀ ਹੈ ਕਿ ਉਹ ਫਿਰ ਤੋਂ ਆਪਣੇ ਪਿਤਾ ਨੂੰ ਨਹੀਂ ਮਨਾ ਸਕੇਗੀ ਅਤੇ ਉਹ ਵਿਆਹ ਨਹੀਂ ਕਰਨਾ ਚਾਹੁੰਦੀ ਹੈ।


ਜਦੋਂ ਉਸਦੇ ਜਾਣ ਦੀ ਤਾਰੀਖ਼ ਨੇੜੇ ਆਉਂਦੀ ਹੈ, ਉਦੋਂ ਜ਼ਾਰਾ ਆਪਣੀ ਅਧਿਆਪਕਾ ਨਾਲ ਆਪਣੇ ਮਨ ਦੀ ਗੱਲ ਸਾਂਝੀ ਕਰਦੀ ਹੈ। ਕਿਉਂਕਿ ਜ਼ਾਰਾ ਨਿਊ ਸਾਊਥ ਵੇਲਜ਼ ਵਿੱਚ ਰਹਿੰਦੀ ਹੈ ਅਤੇ 17 ਸਾਲ ਦੀ ਹੈ, ਇਸ ਲਈ ਇਹ ਕੰਮ ਬਾਲ ਸੁਰੱਖਿਆ ਸੇਵਾਵਾਂ ਨੂੰ ਰਿਪੋਰਟ ਕਰਨਾ ਲਾਜ਼ਮੀ ਨਹੀਂ ਹੈ, ਇਸ ਲਈ ਸਕੂਲ ਨੇ ਇਹ ਮਾਮਲਾ ਨਿਊ ਸਾਊਥ ਵੇਲਜ਼ ਪੁਲਿਸ ਨੂੰ ਰਿਪੋਰਟ ਕੀਤਾ। ਪੁਲਿਸ ਨੇ ਉਸ ਅਧਿਆਪਕ ਅਤੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਨਤੀਜੇ ਵਜੋਂ, ਮੁਲਾਂਕਣ ਕੀਤਾ ਕਿ ਜ਼ਾਰਾ ਨੂੰ ਜ਼ਬਰਨ ਵਿਆਹ ਕੀਤੇ ਜਾਣ ਦਾ ਖ਼ਤਰਾ ਹੈ।

## ਸਲਾਹ-ਮਸ਼ਵਰੇ ਲਈ ਪ੍ਰਸਤਾਵ

ਇਹ ਸਲਾਹ-ਮਸ਼ਵਰਾ ਪੇਪਰ ਜ਼ਬਰਨ ਵਿਆਹ ਖਿਲਾਫ਼ ਆਸਟ੍ਰੇਲੀਆ ਦੀ ਪਹੁੰਚ ਨੂੰ ਮਜ਼ਬੂਤ ਕਰਨ ਅਤੇ ਜ਼ਬਰਨ ਵਿਆਹ ਖਿਲਾਫ਼ ਵਧੇਰੇ ਮਜ਼ਬੂਤ ਕੀਤੀਆਂ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਪ੍ਰਦਾਨ ਕਰਨ ਲਈ ਇੱਕ ਮਾਡਲ ਤਿਆਰ ਕਰਨ ਲਈ ਮਸੌਦਾ ਤਰੀਕਿਆਂ ਦੀ ਰੂਪਰੇਖਾ ਦਿੰਦਾ ਹੈ। ਇਹ ਤਰੀਕੇ, ਅਤੇ ਹੋਰ, ਸਾਰੀਆਂ ਆਸਟ੍ਰੇਲੀਆਈ ਸਰਕਾਰਾਂ ਦੁਆਰਾ ਵਿਚਾਰ-ਵਟਾਂਦਰੇ ਦੇ ਅਧੀਨ ਹਨ ਅਤੇ ਹੋਰ ਵਿਚਾਰ ਕੀਤੇ ਜਾਣ ਅਤੇ ਫ਼ੈਸਲੇ ਦੇ ਅਧੀਨ ਹਨ। ਇਸ ਪੇਪਰ ਵਿੱਚ ਵਿਚਾਰ ਕੀਤੇ ਤਿੰਨ ਮੁੱਖ ਕਾਰਜ ਹਨ:

1. ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ **ਸਾਂਝੀ ਸਮਝ ਦਾ ਨਿਰਮਾਣ ਕਰਨਾ** ਤਾਂ ਜੋ ਪੀੜਤ ਅਤੇ ਬਚਣ ਵਾਲਿਆਂ ਲੋਕਾਂ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕੀਤਾ ਜਾ ਸਕੇ
2. ਛੇਤੀ ਪਛਾਣ, ਦਖ਼ਲ ਦੇਣ ਅਤੇ ਰੋਕਥਾਮ ਕਰਨ ਵਿੱਚ ਸਹਾਇਤਾ ਕਰਨ ਲਈ **ਸਿੱਖਿਆ ਅਤੇ ਜਾਗਰੂਕਤਾ ਵਧਾਉਣਾ**
3. ਇਨ੍ਹਾਂ ਰਾਹੀਂ **ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ** ਅਤੇ ਉਪਾਵਾਂ ਨੂੰ ਮਜ਼ਬੂਤ ਕਰਨਾ
    a. **A ਤਰੀਕਾ:** ਰਾਸ਼ਟਰੀ, ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੇ ਮੌਜੂਦਾ ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚਿਆਂ ਵਿੱਚ ਵਧੇਰੇ ਮਜ਼ਬੂਤ ਸੁਰੱਖਿਆਵਾਂ ਨੂੰ ਜੋੜਨਾ।
        i. ਇਸ ਵਿੱਚ ਨਿਆਂ-ਅਧਿਕਾਰ ਖੇਤਰਾਂ ਲਈ ਵਧੇਰੇ ਮਜ਼ਬੂਤ ਕੀਤੀਆਂ ਸੁਰੱਖਿਆਵਾਂ ਦੇ ਸਾਂਝੇ ਸਿਧਾਂਤਾਂ ਜਾਂ ਸੁਵਿਧਾਵਾਂ ਨੂੰ ਵਿਕਸਿਤ ਕਰਨਾ ਅਤੇ ਲਈ ਸਹਿਮਤ ਹੋਣਾ ਸ਼ਾਮਿਲ ਹੋ ਸਕਦਾ ਹੈ ਤਾਂ ਜੋ ਜਿੱਥੇ ਢੁੱਕਵਾਂ ਹੋਵੇ ਉੱਥੇ ਉਨ੍ਹਾਂ ਦੇ ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚਿਆਂ ਵਿੱਚ ਏਕੀਕ੍ਰਿਤ ਕੀਤਾ ਜਾ ਸਕੇ, **ਜਾਂ**
    b. **ਤਰੀਕਾ B:** ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਤੋਂ ਲਾਗੂ ਕਰਨ ਲਈ ਸਹਾਇਤਾ ਦੇ ਨਾਲ, ਰਾਸ਼ਟਰੀ ਪੱਧਰ ਦੇ ਕਾਨੂੰਨ ਰਾਹੀਂ ਨਵੀਂਆਂ ਸੁਰੱਖਿਆਵਾਂ ਬਣਾਉਣੀਆਂ

ਇਸ ਕੰਮ ਆਸਟ੍ਰੇਲੀਆਈ ਸਰਕਾਰ ਦੀ ਜ਼ਬਰਨ ਵਿਆਹ ਵਿੱਚ ਫਸੇ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਸਹਾਇਤਾ ਨੂੰ ਬਿਹਤਰ ਬਣਾਉਣ ਦੀ ਵਚਨਬੱਧਤਾ ਦੁਆਰਾ, ਜਨਵਰੀ 2025 ਤੋਂ ਸ਼ੁਰੂ ਹੋਣ ਵਾਲੇ, Forced Marriage Specialist Support Program ਦੀ ਸਥਾਪਨਾ ਕਰਕੇ ਪੂਰਾ ਕੀਤਾ ਜਾਵੇਗਾ।



**ਸਲਾਹ-ਮਸ਼ਵਰੇ ਦੇ ਸਵਾਲ**

1. ਕੀ ਇਹ ਤਰੀਕੇ ਜ਼ਬਰਨ ਵਿਆਹ ਪ੍ਰਤੀ ਰਾਸ਼ਟਰੀ ਪੱਧਰ 'ਤੇ ਇਕਸਾਰ ਜਵਾਬੀ ਕਾਰਵਾਈਆਂ ਨੂੰ ਸੁਧਾਰਨ ਲਈ ਪ੍ਰਭਾਵਸ਼ਾਲੀ ਹਨ? ਕੀ ਇੱਥੇ ਕੋਈ ਹੋਰ ਤਰੀਕੇ ਹਨ ਜਿਨ੍ਹਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ?

# ਭਾਗ 1 - ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਸਾਂਝੀ ਸਮਝ ਦਾ ਨਿਰਮਾਣ ਕਰਨਾ ਤਾਂ ਜੋ ਪੀੜਤ ਅਤੇ ਬਚਣ ਵਾਲਿਆਂ ਲੋਕਾਂ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕੀਤਾ ਜਾ ਸਕੇ

## ਹਾਸਲ ਕੀਤਾ ਜਾਣ ਵਾਲਾ ਨਤੀਜਾ

ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕ ਹਰੇਕ ਆਸਟ੍ਰੇਲੀਆਈ ਨਿਆਂ-ਅਧਿਕਾਰ ਖੇਤਰ ਵਿੱਚ ਪਰਿਵਾਰਕ ਅਤੇ ਘਰੇਲੂ ਹਿੰਸਾ ਪ੍ਰਣਾਲੀਆਂ ਰਾਹੀਂ ਸਹਾਇਤਾ ਅਤੇ ਸੁਰੱਖਿਆ ਤੱਕ ਪਹੁੰਚ ਕਰਨ ਦੇ ਯੋਗ ਹੁੰਦੇ ਹਨ।

## ਸੰਖੇਪ-ਸਾਰ

ਜ਼ਬਰਨ ਵਿਆਹ ਆਮ ਤੌਰ 'ਤੇ ਪਰਿਵਾਰਕ ਪ੍ਰਸੰਗਾਂ ਵਿੱਚ ਹੁੰਦਾ ਹੈ। ਹਾਲਾਂਕਿ, ਆਸਟ੍ਰੇਲੀਆ ਭਰ ਵਿੱਚ, ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਸਵੀਕਾਰਤਾ ਵਿੱਚ ਫ਼ਰਕ ਹੈ। ਉਦਾਹਰਨ ਲਈ, ਨਿਊ ਸਾਊਥ ਵੇਲਜ਼, ਵਿਕਟੋਰੀਆ ਅਤੇ ਸਾਊਥ ਆਸਟ੍ਰੇਲੀਆ ਇਹ ਸਾਰੇ ਜ਼ਬਰਨ ਵਿਆਹ ਨੂੰ ਪਰਿਵਾਰਕ ਹਿੰਸਾ ਦੇ ਰੂਪ ਵਜੋਂ ਪਛਾਣਦੇ ਹਨ, ਪਰ ਕੁਈਨਜ਼ਲੈਂਡ, ਵੈਸਟਰਨ ਆਸਟ੍ਰੇਲੀਆ, ਤਸਮਾਨੀਆ, ਨੌਰਦਰਨ ਟੈਰੀਟਰੀ ਅਤੇ ਆਸਟ੍ਰੇਲੀਅਨ ਕੈਪੀਟਲ ਟੈਰੀਟਰੀ ਸੰਬੰਧਿਤ ਕਾਨੂੰਨਾਂ ਵਿੱਚ ਜ਼ਬਰਨ ਵਿਆਹ ਨੂੰ ਸਪੱਸ਼ਟ ਤੌਰ 'ਤੇ ਮਾਨਤਾ ਨਹੀਂ ਦਿੰਦੇ ਹਨ।

ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਢਾਂਚਿਆਂ ਵਿੱਚ ਉਹ ਸੁਰੱਖਿਆ ਅਤੇ ਸਹਾਇਤਾਵਾਂ ਸ਼ਾਮਿਲ ਹਨ ਜੋ ਜ਼ਬਰਨ ਵਿਆਹ ਦੇ ਪੀੜਤਾਂ- ਅਤੇ ਬਚਣ ਵਾਲਿਆਂ ਨੂੰ ਲਾਭ ਪਹੁੰਚਾ ਸਕਦੀਆਂ ਹਨ। ਢੁੱਕਵੀਆਂ ਸੁਰੱਖਿਆਵਾਂ ਅਤੇ ਸਹਾਇਤਾਵਾਂ ਵਿੱਚ ਸਿਵਲ ਸੁਰੱਖਿਆ ਆਦੇਸ਼, ਕਾਨੂੰਨੀ ਸਹਾਇਤਾ, ਡਾਕਟਰੀ ਦੇਖਭਾਲ, ਕਾਊਂਸਲਿੰਗ, ਵਿੱਤੀ ਸਹਾਇਤਾ ਅਤੇ ਐਮਰਜੈਂਸੀ ਰਿਹਾਇਸ਼ ਸ਼ਾਮਿਲ ਹੋ ਸਕਦੇ ਹਨ। ਹਾਲਾਂਕਿ, ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਇੱਕਸਾਰ ਸਵੀਕਾਰਤਾ ਨਾ ਹੋਣਾ, ਇਨ੍ਹਾਂ ਸੁਰੱਖਿਆਵਾਂ ਅਤੇ ਸਹਾਇਤਾਵਾਂ ਤੱਕ ਜ਼ਬਰਨ ਵਿਆਹ ਦੇ ਪੀੜਤ ਅਤੇ ਬਚਣ ਵਾਲਿਆਂ ਦੀ ਪਹੁੰਚ ਨੂੰ ਸੀਮਤ ਕਰਦੀ ਹੈ। ਕੁੱਝ ਮਾਮਲਿਆਂ ਵਿੱਚ, ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਸੰਬੰਧਿਤ ਸੁਰੱਖਿਆਵਾਂ ਅਤੇ ਸਹਾਇਤਾਵਾਂ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਉਪਲਬਧ ਨਹੀਂ ਹਨ। ਬਾਕੀ ਦੇ ਮਾਮਲਿਆਂ ਵਿੱਚ, ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਜਾਗਰੂਕਤਾ ਜਾਂ ਮਾਨਤਾ ਦੀ ਘਾਟ ਕਾਰਨ ਪਹੁੰਚ ਰੁਕਾਵਟਾਂ ਪੈਦਾ ਹੋ ਸਕਦੀਆਂ ਹਨ।

ਜੇਕਰ ਸਾਰੇ ਨਿਆਂ-ਅਧਿਕਾਰ ਖੇਤਰਾਂ ਵਿੱਚ ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਪਛਾਣਿਆ ਜਾਵੇ, ਤਾਂ ਨਿਆਂ-ਅਧਿਕਾਰ ਖੇਤਰਾਂ ਨੂੰ ਜ਼ਬਰਨ ਵਿਆਹ ਦੀ ਪਰਿਭਾਸ਼ਾ ਅਤੇ ਮਤਲਬ ਬਾਰੇ ਵੀ ਹਿਦਾਇਤਾਂ ਪ੍ਰਦਾਨ ਕਰਨ ਦੀ ਲੋੜ ਹੋਵੇਗੀ। ਇਹ ਕੰਮ *Criminal Code* (Cth) ਵਿੱਚ ਜ਼ਬਰਨ ਵਿਆਹ ਦੀ ਪਰਿਭਾਸ਼ਾ ਦਾ ਹਵਾਲਾ ਦੇ ਕੇ ਕੀਤਾ ਜਾ ਸਕਦਾ ਹੈ, ਜੋ ਜ਼ਬਰਨ ਵਿਆਹ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦਾ ਹੈ ਜਦੋਂ:

a) ਵਿਆਹ ਦੇ ਦੋਨੋਂ ਧਿਰਾਂ ਵਿੱਚੋਂ ਕੋਈ ਵੀ ਧਿਰ (ਪੀੜਤ) ਬਗ਼ੈਰ ਆਪਣੀ ਮਰਜ਼ੀ ਅਤੇ ਪੂਰਨ ਸਹਿਮਤੀ ਤੋਂ ਵਿਆਹ ਕਰਵਾਉਂਦੀ ਹੈ:
   i. ਮਜ਼ਬੂਰ ਕੀਤੇ, ਧਮਕੀ ਦਿੱਤੇ ਜਾਂ ਧੋਖੇ ਦੀ ਵਰਤੋਂ ਦੇ ਕਾਰਨ; ਜਾਂ
   ii. ਕਿਉਂਕਿ ਪੀੜਤ ਵਿਆਹ ਸਮਾਰੋਹ ਦਾ ਮਤਲਬ ਅਤੇ ਪ੍ਰਭਾਵ ਨੂੰ ਸਮਝਣ ਵਿੱਚ ਅਸਮਰੱਥ ਸੀ; ਜਾਂ
b) ਜਦੋਂ ਵਿਆਹ ਕੀਤਾ ਗਿਆ ਸੀ, ਵਿਆਹ ਦੀ ਇੱਕ ਧਿਰ (ਪੀੜਤ) 16 ਸਾਲ ਤੋਂ ਘੱਟ ਉਮਰ ਦਾ ਸੀ।

ਹੇਠਾਂ ਦਿੱਤਾ ਗਿਆ ਪ੍ਰਸਤਾਵ ਉਨ੍ਹਾਂ ਕਾਰਵਾਈਆਂ ਦੀ ਰੂਪਰੇਖਾ ਦਿੰਦਾ ਹੈ ਜੋ ਆਸਟ੍ਰੇਲੀਆ ਭਰ ਵਿੱਚ ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਸਾਂਝੀ ਸਮਝ ਬਣਾਉਣ ਵਿੱਚ ਮੱਦਦ ਕਰ ਸਕਦੀਆਂ ਹਨ ਅਤੇ ਇਸ ਦੇ ਨਤੀਜੇ ਵਜੋਂ ਜ਼ਬਰਨ ਵਿਆਹ ਦੇ ਪੀੜਤ ਅਤੇ ਬਚਣ ਵਾਲਿਆਂ ਲਈ ਪਰਿਵਾਰਕ ਅਤੇ ਘਰੇਲੂ ਹਿੰਸਾ ਸੇਵਾਵਾਂ ਦੀ ਉਪਲਬਧਤਾ ਵਿੱਚ ਸੁਧਾਰ ਕਰ ਸਕਦੀਆਂ ਹਨ।

## ਫੀਡਬੈਕ ਲਈ ਪ੍ਰਸਤਾਵ

ਨਿਆਂ-ਅਧਿਕਾਰ ਖੇਤਰ 'ਤੇ ਨਿਰਭਰ ਕਰਦਿਆਂ ਹੋਇਆ, ਇਨ੍ਹਾਂ ਗੱਲਾਂ ਰਾਹੀਂ ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਸਾਂਝੀ ਸਮਝ ਹਾਸਿਲ ਕੀਤੀ ਜਾ ਸਕਦੀ ਹੈ:

- ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੀਆਂ ਪਰਿਭਾਸ਼ਾਵਾਂ ਵਿੱਚ ਸਪੱਸ਼ਟ ਤੌਰ 'ਤੇ ਸ਼ਾਮਿਲ ਕਰਕੇ
- ਜਿੱਥੇ ਢੁੱਕਵਾਂ ਹੋਵੇ, ਇਹ ਸਪੱਸ਼ਟ ਕਰਦੇ ਹੋਏ ਕਿ ਜ਼ਬਰਨ ਵਿਆਹ ਪਹਿਲਾਂ ਹੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੀਆਂ ਪਰਿਭਾਸ਼ਾਵਾਂ ਵਿੱਚ ਸ਼ਾਮਿਲ ਹੈ
  - ਉਦਾਹਰਨ ਲਈ, ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੀ ਇੱਕ ਕਾਨੂੰਨੀ ਉਦਾਹਰਨ ਵਜੋਂ ਸ਼ਾਮਿਲ ਕਰਕੇ
- ਮੁੱਖ ਹਿੱਤਧਾਰਕਾਂ ਦੇ ਨਾਲ ਸਿੱਖਿਆ ਅਤੇ ਜਾਗਰੂਕਤਾ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਅਤੇ ਸਰੋਤਾਂ ਦਾ ਵਿਕਾਸ ਕਰਕੇ ਤਾਂ ਜੋ ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਇਕਸਾਰ ਮਾਨਤਾ ਦਿੱਤੀ ਜਾ ਸਕੇ।

- ਇਹ ਯਕੀਨੀ ਬਣਾ ਕੇ ਕਿ ਪਰਿਵਾਰਕ ਅਤੇ ਘਰੇਲੂ ਹਿੰਸਾ ਦੀਆਂ ਪਰਿਭਾਸ਼ਾਵਾਂ ਕਿਸੇ ਵਿਅਕਤੀ ਨੂੰ ਜ਼ਬਰਨ ਵਿਆਹ ਕਰਵਾਉਣ ਵੱਲ ਲੈ ਕੇ ਜਾਣ ਵਾਲੇ ਵਿਵਹਾਰ 'ਤੇ ਵੀ ਲਾਗੂ ਹੋ ਸਕਦੀਆਂ ਹਨ, ਜਿਸ ਵਿੱਚ ਜ਼ਬਰਦਸਤੀ ਕਰਨਾ, ਧਮਕਾਉਣਾ ਅਤੇ ਝਾਂਸਾ ਦੇਣਾ ਸ਼ਾਮਿਲ ਹੈ।

**ਸਲਾਹ-ਮਸ਼ਵਰੇ ਦੇ ਸਵਾਲ**

2. ਕੀ ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਪਛਾਣਿਆ ਜਾਣਾ ਚਾਹੀਦਾ ਹੈ? ਕਿਉਂ?
3. ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਬਿਹਤਰ ਪਛਾਣਨ ਲਈ ਕਿਹੜੀਆਂ ਕਾਨੂੰਨੀ, ਨੀਤੀਗਤ ਤਬਦੀਲੀਆਂ ਜਾਂ ਵਾਧੂ ਮਾਰਗਦਰਸ਼ਨ ਦੀ ਲੋੜ ਹੈ?
4. ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਇਕਸਾਰਤਾ ਨਾਲ ਪਛਾਣਨ ਵਿੱਚ ਪਰਿਵਾਰਕ ਅਤੇ ਘਰੇਲੂ ਹਿੰਸਾ ਸੇਵਾਵਾਂ ਦੀ ਮੱਦਦ ਕਰਨ ਲਈ ਕਿਹੜੇ ਸੁਧਾਰਾਂ ਜਾਂ ਵਾਧੂ ਮਾਰਗਦਰਸ਼ਨ ਦੀ ਲੋੜ ਹੋ ਸਕਦੀ ਹੈ?

# ਭਾਗ 2 - ਸਿੱਖਿਆ ਅਤੇ ਜਾਗਰੂਕਤਾ- ਵਧਾਉਣਾ

## ਹਾਸਲ ਕੀਤੇ ਜਾਣ ਵਾਲੇ ਨਤੀਜੇ

ਜ਼ਬਰਨ ਵਿਆਹ ਦੀ ਸਮਝ ਅਤੇ ਜਾਗਰੂਕਤਾ ਸਾਰੇ ਭਾਈਚਾਰਿਆਂ ਅਤੇ ਸੰਸਥਾਵਾਂ ਵਿੱਚ ਵੱਧਦੀ ਹੈ, ਜਿਸ ਨਾਲ ਭਾਈਚਾਰੇ ਦੇ ਮੈਂਬਰਾਂ ਅਤੇ ਫਰੰਟਲਾਈਨ ਰਿਸਪੌਂਡਰਾਂ ਵੱਲੋਂ ਜ਼ਬਰਨ ਵਿਆਹ ਦੀ ਪਹਿਚਾਣ ਕਰਨ ਵਿੱਚ ਸੁਧਾਰ ਹੁੰਦਾ ਅਤੇ ਸੱਭਿਆਚਾਰਕ ਤੌਰ 'ਤੇ ਉਚਿਤ ਅਤੇ ਸਮੇਂ ਸਿਰ ਜਵਾਬੀ ਕਾਰਵਾਈ ਹੁੰਦੀ ਹੈ।

## ਸੰਖੇਪ-ਸਾਰ

ਹਿੱਤਧਾਰਕਾਂ ਤੋਂ ਮਿਲੀ ਅੱਜ ਤੱਕ ਦੀ ਫੀਡਬੈਕ ਨੇ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਜ਼ਬਰਨ ਵਿਆਹ ਖਿਲਾਫ਼ ਸਮੁੱਚੀ ਜਵਾਬੀ ਕਾਰਵਾਈ ਦੇ ਹਿੱਸੇ ਦੇ ਰੂਪ ਵਿੱਚ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ ਜਿਸ ਵਿੱਚ ਭਾਈਚਾਰਕ ਸਿੱਖਿਆ ਅਤੇ ਜਾਗਰੂਕਤਾ ਵਧਾਉਣ ਦੇ ਨਾਲ-ਨਾਲ ਫਰੰਟਲਾਈਨ ਰਿਸਪੌਂਡਰਾਂ ਲਈ ਸਿਖਲਾਈ ਦੇਣਾ ਸ਼ਾਮਿਲ ਹੈ। ਸਿੱਖਿਆ ਅਤੇ ਜਾਗਰੂਕਤਾ ਵਧਾਉਣ ਨਾਲ ਸਹਾਇਤਾ ਮੰਗਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵੀ ਵਾਧਾ ਹੋ ਸਕਦਾ ਹੈ, ਅਤੇ ਇਸ ਲਈ ਇਨ੍ਹਾਂ ਨੂੰ ਉਚਿਤ ਸਹਾਇਤਾ ਸੇਵਾਵਾਂ ਦੇ ਨਾਲ -ਇੱਕੋ ਸਮੇਂ ਮੁਹੱਈਆ ਕਰਵਾਉਣਾ ਲਾਜ਼ਮੀ ਹੈ।

ਸਰਕਾਰਾਂ ਸਾਰੇ ਨਿਆਂ-ਅਧਿਕਾਰ ਖੇਤਰਾਂ ਵਿੱਚ ਇੱਕ ਸੰਪੂਰਨ ਤਾਲਮੇਲ ਵਾਲੀ ਜਵਾਬੀ ਕਾਰਵਾਈ ਨੂੰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਨ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕੇ 'ਤੇ ਵਿਚਾਰ ਕਰ ਰਹੀਆਂ ਹਨ। ਇਹ ਕਾਰਵਾਈਆਂ ਇਸ ਸਲਾਹ-ਮਸ਼ਵਰੇ ਦੇ ਪੇਪਰ ਵਿਚਲੇ ਹੋਰ ਪ੍ਰਸਤਾਵਾਂ ਦੇ ਪੂਰਕ ਵਜੋਂ ਤਿਆਰ ਕੀਤੀਆਂ ਜਾਣਗੀਆਂ ਹਨ ਅਤੇ ਇਸ ਵਿੱਚ ਪਰਿਵਾਰ ਅਤੇ ਘਰੇਲੂ ਹਿੰਸਾ ਸੇਵਾਵਾਂ, ਜ਼ਬਰਨ ਵਿਆਹ ਸੰਬੰਧੀ ਵਿਸ਼ੇਸ਼ ਸੇਵਾਵਾਂ, ਹੋਰ ਫਰੰਟਲਾਈਨ ਰਿਸਪੌਂਡਰਾਂ ਅਤੇ ਨਿਆਂਪਾਲਿਕਾ ਨਾਲ ਸਿੱਖਿਆ ਅਤੇ ਜਾਗਰੂਕਤਾ ਵਧਾਉਣ ਵਾਲੀਆਂ ਗਤੀਵਿਧੀਆਂ ਸ਼ਾਮਿਲ ਹੋ ਸਕਦੀਆਂ ਹਨ। ਕੋਈ ਵੀ ਨਵੀਆਂ ਸਿੱਖਿਆ ਅਤੇ ਜਾਗਰੂਕਤਾ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਸੱਭਿਆਚਾਰਕ ਤੌਰ 'ਤੇ ਢੁੱਕਵੀਆਂ ਅਤੇ ਉਨ੍ਹਾਂ ਕਮਿਊਨਿਟੀਆਂ ਨਾਲ ਮਿਲਕੇ ਵਿਕਸਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਜ਼ਬਰਨ ਵਿਆਹ ਤੋਂ ਪ੍ਰਭਾਵਿਤ ਹਨ।

ਆਸਟ੍ਰੇਲੀਆਈ ਸਰਕਾਰ ਦੁਆਰਾ ਮਾਲੀ-ਸਹਾਇਤਾ ਪ੍ਰਾਪਤ FMSSP ਵਿੱਚ ਸ਼ੁਰੂ ਹੋਵੇਗਾ ਅਤੇ ਇਸ ਤੋਂ ਪ੍ਰਭਾਵਿਤ ਭਾਈਚਾਰਿਆਂ ਵਿੱਚ ਸਿੱਖਿਆ ਅਤੇ ਜਾਗਰੂਕਤਾ ਵਿੱਚ ਇੱਕ ਮਜ਼ਬੂਤ ਭੂਮਿਕਾ ਨਿਭਾਉਣ ਦੀ ਉਮੀਦ ਕੀਤੀ ਜਾਂਦੀ ਹੈ। ਚੁਣਿਆ ਹੋਇਆ ਪ੍ਰਦਾਤਾ ਸਥਾਨਕ ਭਾਈਚਾਰਿਆਂ ਵਿੱਚ ਸੰਬੰਧ ਅਤੇ ਨੈੱਟਵਰਕ ਬਣਾਵੇਗਾ, ਅਤੇ ਵਿਵਹਾਰ ਵਿੱਚ ਤਬਦੀਲੀ ਨੂੰ ਉਤਸ਼ਾਹਿਤ ਕਰਨ ਅਤੇ ਪਰਿਵਾਰਕ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਸੱਭਿਆਚਾਰਕ ਤੌਰ 'ਤੇ ਢੁੱਕਵੇਂ ਢੰਗ ਨਾਲ ਜ਼ਬਰਨ ਵਿਆਹ ਬਾਰੇ ਟੀਚਾਗਤ ਸਿੱਖਿਆ ਅਤੇ ਜਾਗਰੂਕਤਾ- ਪੈਦਾ ਕਰੇਗਾ। 18 ਮਹੀਨਿਆਂ ਦੀ ਕਾਰਜਸ਼ੀਲਤਾ ਤੋਂ ਬਾਅਦ FMSSP ਦਾ ਮੁਲਾਂਕਣ ਕੀਤਾ ਜਾਵੇਗਾ, ਜੋ ਸਿੱਖਿਆ ਅਤੇ ਜਾਗਰੂਕਤਾ ਵਧਾਉਣ ਦੀਆਂ ਲੋੜਾਂ 'ਤੇ ਹੋਰ ਵਿਚਾਰ ਕਰਨ ਦਾ ਮੌਕਾ ਪ੍ਰਦਾਨ ਕਰੇਗਾ ਤਾਂ ਜੋ ਜ਼ਬਰਨ ਵਿਆਹ ਦੀ ਸ਼ੁਰੂਆਤੀ ਦਖ਼ਲਅੰਦਾਜ਼ੀ ਅਤੇ ਰੋਕਥਾਮ ਨੂੰ ਸਮਰਥਨ ਮਿਲ ਸਕੇ।

## ਫੀਡਬੈਕ ਲਈ ਪ੍ਰਸਤਾਵ

ਹੇਠਾਂ ਦਿੱਤੀ ਸੂਚੀ ਉਨ੍ਹਾਂ ਗਤੀਵਿਧੀਆਂ 'ਤੇ ਰੌਸ਼ਨੀ ਪਾਉਂਦੀ ਹੈ ਜੋ ਸਰਕਾਰਾਂ ਅੱਗੇ ਵਧਾ ਸਕਦੀਆਂ ਹਨ। ਜ਼ਬਰਨ ਵਿਆਹ ਦੀ ਸਿੱਖਿਆ ਨੂੰ ਮਜ਼ਬੂਤ ਕਰਨ ਅਤੇ ਜਾਗਰੂਕਤਾ ਵਧਾਉਣ ਦੇ ਕੰਮ ਨੂੰ FMSSP ਦੀ ਸਥਾਪਨਾ ਅਤੇ ਜ਼ਬਰਨ ਵਿਆਹ ਨੂੰ ਹੱਲ ਕਰਨ ਲਈ ਮੌਜੂਦਾ ਗਤੀਵਿਧੀਆਂ ਤੋਂ ਮਿਲੀਆਂ ਸਿੱਖਿਆਵਾਂ ਦੁਆਰਾ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

ਮੁੱਖ ਗਤੀਵਿਧੀਆਂ ਵਿੱਚ ਸ਼ਾਮਿਲ ਹੋ ਸਕਦੀਆਂ ਹਨ:

- ਟੀਚਾਗਤ ਜਾਗਰੂਕਤਾ ਵਧਾਉਣਾ, ਜਿਸ ਵਿੱਚ ਸ਼ਾਮਿਲ ਹੈ ਕਿ ਜ਼ਬਰਨ ਵਿਆਹ ਦੇ ਸੰਕੇਤਾਂ ਦੀ ਪਹਿਚਾਣ ਕਿਵੇਂ ਕਰਨੀ ਅਤੇ ਉਨ੍ਹਾਂ ਪ੍ਰਤੀ ਸੱਭਿਆਚਾਰਕ ਤੌਰ 'ਤੇ ਢੁੱਕਵੇਂ, ਅਪੰਗਤਾ ਪਹੁੰਚਯੋਗ ਅਤੇ ਮਨੋਵਿਗਿਆਨਕ ਤੌਰ 'ਤੇ ਜਾਣਕਾਰੀ ਰੱਖਣ ਵਾਲੇ ਜਵਾਬਾਂ ਸਮੇਤ ਜਵਾਬੀ ਕਾਰਵਾਈ ਕਿਵੇਂ ਕਰਨੀ ਹੈ
- ਭਾਈਚਾਰਕ ਸਿੱਖਿਆ ਅਤੇ ਜਾਗਰੂਕਤਾ ਪੈਦਾ ਕਰਨਾ, ਅਤੇ
- ਪਰਿਵਾਰ ਅਤੇ ਘਰੇਲੂ ਹਿੰਸਾ ਸੇਵਾ ਪ੍ਰਦਾਤਾਵਾਂ ਸਮੇਤ ਫਰੰਟਲਾਈਨ ਰਿਸਪੌਂਡਰਾਂ ਲਈ- ਟੀਚਾਗਤ ਜਾਗਰੂਕਤਾ ਵਧਾਉਣਾ ਅਤੇ ਸਿੱਖਿਆ।

**ਸਲਾਹ-ਮਸ਼ਵਰੇ ਦੇ ਸਵਾਲ**

5. ਸਿੱਖਿਆ ਜਾਂ ਜਾਗਰੂਕਤਾ ਵਧਾਉਣ ਵਾਲੀਆਂ ਗਤੀਵਿਧੀਆਂ- ਕਿਹੜੇ ਵਿਸ਼ਿਆਂ 'ਤੇ ਕੇਂਦ੍ਰਿਤ ਹੋ ਸਕਦੀਆਂ ਹਨ?
6. ਜ਼ਬਰਨ ਵਿਆਹ ਤੋਂ ਪ੍ਰਭਾਵਿਤ ਭਾਈਚਾਰਿਆਂ ਵਿੱਚ ਸਿੱਖਿਆ ਅਤੇ ਜਾਗਰੂਕਤਾ ਵਧਾਉਣ ਵਿੱਚ ਕੌਣ ਸ਼ਾਮਿਲ ਹੋਣਾ ਚਾਹੀਦਾ ਹੈ?
7. ਭਾਈਚਾਰੇ ਦੇ ਕਿਹੜੇ ਸਮੂਹਾਂ ਨੂੰ ਜ਼ਬਰਨ ਵਿਆਹ ਬਾਰੇ ਸਿੱਖਿਆ ਅਤੇ ਵਧੀਕ ਜਾਗਰੂਕਤਾ ਦੀ ਲੋੜ ਹੈ (ਜਿਵੇਂ ਕਿ ਪੁਲਿਸ, ਬਾਲ ਸੁਰੱਖਿਆ ਵਰਗੇ ਫਰੰਟਲਾਈਨ ਵਰਕਰ ਅਤੇ/ਜਾਂ ਭਾਈਚਾਰੇ ਅੰਦਰ ਖ਼ਾਸ ਵਰਗ)?

# ਭਾਗ 3 –ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਮਜ਼ਬੂਤ ਕਰਨਾ

## ਹਾਸਲ ਕੀਤੇ ਜਾਣ ਵਾਲੇ ਨਤੀਜੇ

ਬਿਹਤਰ ਸਿਵਲ ਸੁਰੱਖਿਆਵਾਂ ਅਤੇ ਉਪਾਅ ਜੋ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਕਾਨੂੰਨੀ ਦਖ਼ਲ ਅਤੇ ਰੋਕਥਾਮ ਦੇ ਤਰੀਕੇ ਪ੍ਰਦਾਨ ਕਰਦੇ ਹਨ।

## ਸੰਖੇਪ-ਸਾਰ

ਮੌਜੂਦਾ ਸਮੇਂ ਵਿੱਚ, ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਸਿਵਲ ਸੁਰੱਖਿਆ ਵਿਧੀਆਂ ਸੀਮਤ ਹਨ, ਇਹ ਜ਼ਬਰਨ ਵਿਆਹ ਦੀਆਂ ਸਥਿਤੀਆਂ ਲਈ ਵਿਸ਼ੇਸ਼ ਤੌਰ 'ਤੇ ਨਹੀਂ ਬਣਾਈਆਂ ਗਈਆਂ ਹਨ, ਅਤੇ ਅਲੱਗ-ਅਲੱਗ ਨਿਆਂ-ਅਧਿਕਾਰ ਖੇਤਰਾਂ ਵਿੱਚ ਵੱਖ-ਵੱਖ ਹਨ। ਇਸ ਪ੍ਰਸਤਾਵ ਦਾ ਇਹ ਹਿੱਸਾ ਉਨ੍ਹਾਂ ਸੁਰੱਖਿਆਵਾਂ 'ਤੇ ਵਿਚਾਰ ਕਰਦਾ ਹੈ ਜੋ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਸਭ ਤੋਂ ਵੱਧ ਲਾਭਦਾਇਕ ਹੋ ਸਕਦੀਆਂ ਹਨ। ਇਸ ਵਿੱਚ ਉਨ੍ਹਾਂ ਕਾਰਵਾਈਆਂ 'ਤੇ ਵਿਚਾਰ ਕਰਨਾ ਸ਼ਾਮਿਲ ਹੈ ਜੋ ਸੁਰੱਖਿਆ ਆਦੇਸ਼ਾਂ ਦੇ ਤਹਿਤ ਕੀਤੀਆਂ ਜਾ ਸਕਦੀਆਂ ਹਨ ਅਤੇ ਇਹ ਸੁਰੱਖਿਆ ਆਦੇਸ਼ ਕਿੰਨ੍ਹਾਂ 'ਤੇ ਲਾਗੂ ਹੋ ਸਕਦੇ ਹਨ।

### *ਸਿਵਲ ਸੁਰੱਖਿਆਵਾਂ ਅਤੇ ਉਪਾਅ ਕੀ ਹਨ?*

ਸਿਵਲ ਸੁਰੱਖਿਆਵਾਂ ਅਤੇ ਉਪਾਅ ਅਦਾਲਤਾਂ ਦੁਆਰਾ ਜਾਰੀ ਕੀਤੇ ਗਏ ਆਦੇਸ਼ ਹੁੰਦੇ ਹਨ ਜੋ ਕਾਨੂੰਨੀ ਤੌਰ 'ਤੇ ਲੋਕਾਂ ਜਾਂ ਸੰਸਥਾਵਾਂ ਤੋਂ ਕਿਸੇ ਖ਼ਾਸ ਤਰੀਕੇ ਨਾਲ ਕੰਮ ਕਰਨ, ਜਾਂ ਨਾ ਕਰਨ ਦੀ ਮੰਗ ਕਰ ਸਕਦੇ ਹਨ। ਸਿਵਲ ਸੁਰੱਖਿਆਵਾਂ ਪੀੜਤਾਂ ਅਤੇ ਬਚਣ ਵਾਲਿਆਂ ਨੂੰ ਭਵਿੱਖ ਦੀ ਹਿੰਸਾ ਤੋਂ ਬਚਾ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਪੁਲਿਸ ਦੁਆਰਾ ਸ਼ੁਰੂ ਕਰਨ ਦੀ ਲੋੜ ਨਹੀਂ ਹੁੰਦੀ ਹੈ। ਇਨ੍ਹਾਂ ਦੇ ਨਤੀਜੇ ਵਜੋਂ ਕਿਸੇ ਅਜਿਹੇ ਵਿਅਕਤੀ 'ਤੇ ਸ਼ਰਤਾਂ ਜਾਂ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ ਜਿਸ ਦੇ ਖਿਲਾਫ਼ ਆਦੇਸ਼ ਜਾਰੀ ਕੀਤਾ ਗਿਆ ਹੈ। ਸਿਵਲ ਸੁਰੱਖਿਆਵਾਂ ਅਕਸਰ ਅਦਾਲਤ ਦੁਆਰਾ ਜਲਦੀ ਆਦੇਸ਼ ਦਿੱਤੀਆਂ ਜਾ ਸਕਦੀਆਂ ਹਨ, ਜੋ ਉਹਨਾਂ ਲੋਕਾਂ ਲਈ ਸਮਾਂ-ਸੰਵੇਦਨਸ਼ੀਲ ਸੁਰੱਖਿਆਵਾਂ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੀ ਜ਼ਰੂਰਤ ਹੁੰਦੀ ਹੈ।

### *ਮੌਜੂਦਾ ਸਮੇਂ ਵਿੱਚ ਕਿਹੜੀਆਂ ਸਿਵਲ ਸੁਰੱਖਿਆਵਾਂ ਉਪਲਬਧ ਹਨ?*

ਸਾਰੇ ਨਿਆਂ-ਅਧਿਕਾਰ ਖੇਤਰਾਂ ਵਿੱਚ ਸਿਵਲ ਸੁਰੱਖਿਆ ਢਾਂਚੇ ਹੁੰਦੇ ਹਨ ਜੋ ਪਰਿਵਾਰਕ, ਘਰੇਲੂ ਅਤੇ ਨਿੱਜੀ ਹਿੰਸਾ ਤੋਂ ਪੀੜਤਾਂ ਅਤੇ ਬਚਣ ਵਾਲਿਆਂ ਨੂੰ ਸੁਰੱਖਿਆਵਾਂ ਪ੍ਰਦਾਨ ਕਰਦੇ ਹਨ। ਇਹ ਢਾਂਚੇ ਕਈ ਕਿਸਮ ਦੀਆਂ ਸੁਰੱਖਿਆਵਾਂ ਪ੍ਰਦਾਨ ਕਰਦੇ ਹਨ, ਜਿਸ ਵਿੱਚ ਜਵਾਬਦੇਹ ਨੂੰ ਕਿਸੇ ਸੁਰੱਖਿਆ ਪ੍ਰਾਪਤ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਜਾਂ ਕਿਸੇ ਸੁਰੱਖਿਆ ਪ੍ਰਾਪਤ ਵਿਅਕਤੀ ਨਾਲ ਸੰਪਰਕ ਕਰਨ ਤੋਂ ਰੋਕਣਾ ਸ਼ਾਮਿਲ ਹੈ। ਇਹ ਸੁਰੱਖਿਆਵਾਂ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਢੁੱਕਵੀਆਂ ਹੋ ਸਕਦੀਆਂ ਹਨ।

ਹਾਲਾਂਕਿ, ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਮੌਜੂਦਾ ਸਿਵਲ ਸੁਰੱਖਿਆਵਾਂ ਦੇ ਲਾਗੂ ਹੋਣ ਵਿੱਚ ਕਮੀਆਂ ਅੰਤਰ ਅਤੇ ਸੀਮਾਵਾਂ ਵੀ ਮੌਜੂਦ ਹਨ। ਉਦਾਹਰਨ ਦੇ ਤੌਰ ਤੇ, ਸਾਰੇ ਨਿਆਂ-ਅਧਿਕਾਰ ਖੇਤਰਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸੁਰੱਖਿਆਵਾਂ ਉਪਲਬਧ ਹਨ, ਜਿਨ੍ਹਾਂ ਵਿੱਚੋਂ ਕੁੱਝ ਸਿਰਫ਼ ਸੀਮਿਤ ਹਾਲਾਤਾਂ ਵਿੱਚ, ਅਤੇ ਖ਼ਾਸ ਪਰਿਵਾਰਕ ਜਾਂ ਗੂੜ੍ਹ-ਸੰਬੰਧਾਂ ਵਾਲੇ ਸਾਥੀ ਦੇ ਮਾਮਲਿਆਂ ਵਿੱਚ ਹੀ ਉਪਲਬਧ ਹਨ।

*ਫੈਮਿਲੀ ਲਾਅ ਐਕਟ 1975 (Cth)* ਦੇ ਤਹਿਤ, ਅਦਾਲਤ ਇੱਕ ਪੇਰੈਂਟਿੰਗ ਆਰਡਰ (ਪਾਲਣ-ਪੋਸ਼ਣ ਕਰਨ ਦਾ ਆਦੇਸ਼) ਜਾਰੀ ਕਰ ਸਕਦੀ ਹੈ ਜੋ ਬੱਚੇ ਦੇ ਪਾਲਣ-ਪੋਸ਼ਣ ਦੇ ਪ੍ਰਬੰਧਾਂ ਨਾਲ ਸੰਬੰਧਿਤ ਹੁੰਦਾ ਹੈ। ਇਸ ਵਿੱਚ ਬੱਚੇ ਦੀ ਦੇਖਭਾਲ, ਭਲਾਈ ਜਾਂ ਵਿਕਾਸ ਨਾਲ ਸੰਬੰਧਿਤ ਕੋਈ ਵੀ ਆਦੇਸ਼ ਸ਼ਾਮਿਲ ਹੋ ਸਕਦੇ ਹਨ। ਕੁੱਝ ਖ਼ਾਸ ਹਾਲਾਤਾਂ ਵਿੱਚ, ਅਦਾਲਤ ਇੱਕ ਟਿਕਾਣਾ ਦੱਸਣ ਦਾ ਆਦੇਸ਼ ਜਾਰੀ ਕਰ ਸਕਦੀ ਹੈ ਜੋ ਕਿਸੇ ਵੀ ਵਿਅਕਤੀ ਜਾਂ ਸੰਸਥਾ ਨੂੰ ਬੱਚੇ ਦੇ ਟਿਕਾਣੇ ਬਾਰੇ ਅਦਾਲਤ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਕਹਿ ਸਕਦਾ ਹੈ। ਜੇਕਰ ਅੰਤਰਰਾਸ਼ਟਰੀ ਯਾਤਰਾ ਨੂੰ ਰੋਕਣ ਲਈ ਪੈਰੈਂਟਿੰਗ ਆਰਡਰ ਜਾਰੀ ਕੀਤਾ ਜਾਂਦਾ ਹੈ, ਤਾਂ AFP ਕੋਲ ਬੱਚੇ ਦੇ ਵੇਰਵਿਆਂ ਨੂੰ Airport Watch List (ਏਅਰਪੋਰਟ ਨਿਗਰਾਨੀ ਸੂਚੀ) ਵਿੱਚ ਸੂਚੀਬੱਧ ਕਰਨ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਇਹ Passenger Analysis Clearance and Evacuation System (ਪੈਸੇਂਜਰ ਐਨਾਲਸਿਸ ਕਲੀਅਰੈਂਸ ਐਂਡ ਇਵੇਕਿਊਏਸ਼ਨ ਸਿਸਟਮ, PACE) ਅਲਰਟ ਲਗਾ ਦੇਵੇਗਾ, ਜੋ ਬੱਚੇ ਨੂੰ ਆਸਟ੍ਰੇਲੀਆ ਤੋਂ ਬਾਹਰ ਲਿਜਾਣ ਤੋਂ ਰੋਕਣ ਲਈ ਇੱਕ ਚੇਤਾਵਨੀ ਦੇਵੇਗਾ। ਇਸ ਦੀ ਵਰਤੋਂ ਕਿਸੇ ਬੱਚੇ ਨੂੰ ਜ਼ਬਰਨ ਵਿਆਹ ਦੇ ਉਦੇਸ਼ ਲਈ ਵਿਦੇਸ਼ ਲਿਜਾਏ ਜਾਣ ਤੋਂ ਰੋਕਣ ਲਈ ਕੀਤੀ ਜਾ ਸਕਦੀ ਹੈ।

ਹਾਲਾਂਕਿ, ਪੈਰੈਂਟਿੰਗ ਆਰਡਰ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਜਾਂ ਦੇਖਭਾਲ ਕਰਨ ਵਾਲਿਆਂ ਦੇ ਸੰਬੰਧਾਂ ਨੂੰ ਨਿਯੰਤਰਿਤ ਕਰਨ ਲਈ ਬਣਾਏ ਗਏ ਹਨ, ਅਤੇ ਇਹ ਬਾਲਗਾਂ ਲਈ ਸੁਰੱਖਿਆ ਪ੍ਰਦਾਨ ਨਹੀਂ ਕਰ ਸਕਦੇ ਹਨ। ਇਸ ਦਾ ਮਤਲਬ ਇਹ ਵੀ ਹੈ ਕਿ ਬਾਲਗਾਂ ਨੂੰ Airport Watch List 'ਤੇ ਨਹੀਂ ਰੱਖਿਆ ਜਾ ਸਕਦਾ ਹੈ।

ਸੁਝਾਏ ਗਏ ਸੁਧਾਰ ਜੋ ਭਾਗ 3 ਵਿੱਚ ਦਰਸਾਏ ਗਏ ਹਨ, ਉਨ੍ਹਾਂ ਦਾ ਉਦੇਸ਼ ਉਪਲਬਧ ਸਿਵਲ ਸੁਰੱਖਿਆਵਾਂ ਵਿੱਚ ਮੌਜੂਦ ਕਮੀਆਂ ਨੂੰ ਦੂਰ ਕਰਨਾ ਅਤੇ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਵਧੇਰੇ ਇਕਸਾਰ ਅਤੇ ਮਕਸਦ-ਲਈ-ਢੁੱਕਵੀਂ ਸੁਰੱਖਿਆ ਪ੍ਰਦਾਨ ਕਰਨਾ ਹੈ।

*ਸਾਨੂੰ ਜ਼ਬਰਨ ਵਿਆਹ ਖਿਲਾਫ਼ ਮਜ਼ਬੂਤ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਦੀ ਕਿਉਂ ਲੋੜ ਹੈ?*

ਜ਼ਬਰਨ ਵਿਆਹ ਲਈ ਅਪਰਾਧਿਕ ਨਿਆਂ ਪ੍ਰਤੀਕਿਰਿਆ ਇੱਕ ਰੁਕਾਵਟ ਦੇ ਰੂਪ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਜੋ ਇੱਕ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਇਹ ਵਿਵਹਾਰ ਆਸਟ੍ਰੇਲੀਆ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ ਹੈ। ਜ਼ਬਰਨ ਵਿਆਹ ਖਿਲਾਫ਼ ਮਜ਼ਬੂਤ ਸਿਵਲ ਸੁਰੱਖਿਆਵਾਂ ਅਤੇ ਉਪਾਅ ਅਪਰਾਧਿਕ ਨਿਆਂ ਪ੍ਰਤੀਕਿਰਿਆ ਦੇ ਪੂਰਕ ਹੋਣਗੇ, ਕਾਰਗਰ ਟੂਲ ਪ੍ਰਦਾਨ ਕਰਨਗੇ ਜੋ ਪੀੜਤਾਂ ਅਤੇ ਬਚਣ ਵਾਲਿਆਂ ਦੀ ਸੁਰੱਖਿਆ ਅਤੇ ਭਲਾਈ ਲਈ ਰੋਕਥਾਮ ਵਾਲੇ ਅਤੇ ਸਮੇਂ ਦੀ ਨਾਜ਼ੁਕਤਾ ਵਾਲੇ ਨਤੀਜੇ ਪ੍ਰਾਪਤ ਕਰ ਸਕਦੇ ਹਨ। ਆਸਟ੍ਰੇਲੀਆ ਵਿੱਚ ਕੀਤੀ ਖੋਜ ਨੇ ਪੁਲਿਸ ਅਤੇ ਸਰਕਾਰੀ ਵਕੀਲਾਂ ਲਈ ਮਨੁੱਖੀ ਤਸਕਰੀ ਅਤੇ ਆਧੁਨਿਕ ਗੁਲਾਮੀ (ਜਿਸ ਵਿੱਚ ਜ਼ਬਰਨ ਵਿਆਹ ਵੀ ਸ਼ਾਮਿਲ ਹੈ) ਦੇ ਮਾਮਲਿਆਂ ਦੇ ਲੰਬੇ ਅਤੇ ਗੁੰਝਲਦਾਰ ਸੁਭਾਅ ਨੂੰ ਉਜਾਗਰ ਕੀਤਾ ਹੈ, ਜਿਸ ਵਿੱਚ ਨਤੀਜੇ ਦੀ ਪਰਵਾਹ ਕੀਤੇ ਬਿਨਾਂ ਮਾਮਲੇ ਨੂੰ ਅੰਤਿਮ ਰੂਪ ਦੇਣ ਲਈ ਔਸਤਨ ਦੋ ਸਾਲਾਂ ਤੋਂ ਵੱਧ ਦਾ ਸਮਾਂ ਲੱਗਦਾ ਹੈ। ਇਸ ਤੋਂ ਇਲਾਵਾ, AFP ਕੋਲ ਵੀ ਅਕਸਰ ਸ਼ੁਰੂਆਤੀ ਦਖ਼ਲ ਦੇਣ ਲਈ ਚੁੱਕੇ ਜਾਣ ਵਾਲੇ ਕਦਮਾਂ ਵਿੱਚ ਸੀਮਿਤ ਤਾਕਤ ਹੈ ਜੋ ਇਹ ਕਰ ਸਕਦੀ ਹੈ ਅਤੇ ਸੁਰੱਖਿਆਵਾਂ ਪ੍ਰਦਾਨ ਕਰ ਸਕਦੀ ਹੈ।

ਅੰਤਰਰਾਸ਼ਟਰੀ ਪੱਧਰ 'ਤੇ, ਯੂਨਾਈਟਡ ਕਿੰਗਡਮ (ਯੂ.ਕੇ.) ਇੱਕ ਅਜਿਹੇ ਦੇਸ਼ ਦੀ ਉਦਾਹਰਨ ਪ੍ਰਦਾਨ ਕਰਦਾ ਹੈ ਜਿਸ ਨੇ ਜ਼ਬਰਨ ਵਿਆਹ ਦਾ ਮੁਕਾਬਲਾ ਕਰਨ ਲਈ ਸਿਵਲ ਸੁਰੱਖਿਆਵਾਂ ਦੀ ਵਰਤੋਂ ਕੀਤੀ ਹੈ। 2008 ਵਿੱਚ, UK ਨੇ ਜ਼ਬਰਨ ਵਿਆਹ ਸੁਰੱਖਿਆ ਆਦੇਸ਼ (FMPOs) ਸ਼ੁਰੂ ਕੀਤੇ। FMPOs ਦੀ ਸ਼ੁਰੂਆਤ ਹਿੱਤਧਾਰਕਾਂ ਦੀਆਂ ਸਿਫ਼ਾਰਸ਼ਾਂ ਤੋਂ ਪ੍ਰੇਰਿਤ ਸੀ ਕਿ ਅਪਰਾਧਿਕ ਦੰਡਾਂ ਦੀ ਬਜਾਏ, ਜ਼ਬਰਨ ਵਿਆਹ ਨਾਲ ਨਜਿੱਠਣ ਦਾ ਸਭ ਤੋਂ ਵੱਧ ਢੁੱਕਵਾਂ ਤਰੀਕਾ ਸਿਵਲ ਸੁਰੱਖਿਆਵਾਂ ਹਨ। ਇਨ੍ਹਾਂ ਹਿੱਤਧਾਰਕਾਂ ਨੇ ਦਲੀਲ ਦਿੱਤੀ ਕਿ ਬਹੁਤ ਸਾਰੇ ਪੀੜਤ ਅਤੇ ਬਚਣ ਵਾਲੇ ਆਪਣੇ ਪਰਿਵਾਰਾਂ 'ਤੇ ਮੁਕੱਦਮਾ ਚਲਾਉਣ ਤੋਂ ਝਿਜਕਣਗੇ, ਨਤੀਜੇ ਵਜੋਂ ਘੱਟ ਲੋਕ ਮੱਦਦ ਲੈਣ ਲਈ ਅੱਗੇ ਆਉਣਗੇ। UK ਵਿੱਚ ਹੋਈ ਖੋਜ ਦਰਸਾਉਂਦੀ ਹੈ ਕਿ FMPOs ਦੀ ਵਰਤੋਂ ਵਿੱਚ ਮਜ਼ਬੂਤ ਵਾਧਾ ਹੋਇਆ ਹੈ, 2014 ਤੋਂ 2023 ਤੱਕ ਇੰਗਲੈਂਡ ਅਤੇ ਵੇਲਜ਼ ਵਿੱਚ ਹਰ ਸਾਲ ਤਕਰੀਬਨ 200-250 FMPOs ਜਾਰੀ ਕੀਤੇ ਗਏ ਹਨ।

ਆਸਟ੍ਰੇਲੀਆ ਵਿੱਚ, ਅਕਾਦਮਿਕ ਖੋਜ ਅਤੇ ਸਿਵਲ ਸੋਸਾਇਟੀ ਸੰਸਥਾਵਾਂ ਦੀ ਸਲਾਹ ਜ਼ਬਰਨ ਵਿਆਹ ਤੋਂ ਪੀੜਤ ਅਤੇ ਬਚਣ ਵਾਲਿਆਂ ਨੂੰ ਦਰਪੇਸ਼ ਆਉਂਦੇ ਖ਼ਤਰਿਆਂ ਅਤੇ ਪੀੜਤ ਅਤੇ ਬਚਣ ਵਾਲਿਆਂ ਨੂੰ ਜ਼ਬਰਨ ਵਿਆਹ ਤੋਂ ਬਚਣ ਜਾਂ ਬਾਹਰ ਨਿੱਕਲਣ ਵਿੱਚ ਮੱਦਦ ਕਰਨ ਲਈ ਕਾਨੂੰਨੀ ਸਾਧਨਾਂ, ਜਿਵੇਂ ਕਿ ਸਿਵਲ ਸੁਰੱਖਿਆ ਆਦੇਸ਼ਾਂ ਦੇ ਫਾਇਦੇ ਦਾ ਵਰਣਨ ਕਰਦੀ ਹੈ। ਇਹ ਖੋਜ ਦਲੀਲ ਦਿੰਦੀ ਹੈ ਕਿ ਸਿਵਲ ਸੁਰੱਖਿਆਵਾਂ ਨੂੰ ਹੋਰ ਵਧੇਰੇ ਟੂਲ ਪ੍ਰਦਾਨ ਕਰਨੇ ਚਾਹੀਦੇ ਹਨ ਜੋ ਕਿਸੇ ਅਪਰਾਧਿਕ ਦੋਸ਼ ਨੂੰ ਸਾਬਿਤ ਕਰਨ ਲਈ ਲੋੜੀਂਦੇ ਸਬੂਤਾਂ (ਵਾਜਬ ਸ਼ੱਕ ਤੋਂ ਪਰੇ) ਦੀ ਤੁਲਨਾ ਵਿੱਚ ਲੋੜੀਂਦੇ ਸਬੂਤਾਂ ਦੇ ਨੀਵੇਂ ਮਿਆਰ (ਸੰਭਾਵਨਾਵਾਂ ਦੇ ਸੰਤੁਲਨ) ਕਾਰਨ ਵਧੇਰੇ ਪਹੁੰਚਯੋਗ ਹੋਣ। UK ਵਿਚਲੇ ਹਿੱਤਧਾਰਕਾਂ ਦੀਆਂ ਸਿਫ਼ਾਰਸ਼ਾਂ ਦੇ ਨਾਲ ਇਕਸਾਰ, ਜ਼ਬਰਨ ਵਿਆਹ ਦਾ ਸਾਹਮਣਾ ਕਰ ਰਹੇ ਲੋਕਾਂ ਬਾਰੇ ਆਸਟ੍ਰੇਲੀਆਈ ਖੋਜ ਇਹ ਵੀ ਸੁਝਾਅ ਦਿੰਦੀ ਹੈ ਕਿ ਸਿਵਲ ਆਦੇਸ਼ ਕੁੱਝ ਲੋਕਾਂ ਲਈ ਇੱਕ ਤਰਜੀਹੀ ਕਾਨੂੰਨੀ ਤਰੀਕਾ ਹੋ ਸਕਦੇ ਹਨ ਜੋ ਡਰਦੇ ਹਨ ਕਿ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ ਅਤੇ ਮੁਕੱਦਮਾ ਚਲਾਇਆ ਜਾਵੇਗਾ।

ਪਿਛਲੀਆਂ ਸੰਸਦੀ ਜਾਂਚ-ਪੜਤਾਲਾਂ ਨੇ ਜ਼ਬਰਨ ਵਿਆਹ ਅਤੇ ਆਧੁਨਿਕ ਗੁਲਾਮੀ ਦੇ ਹੋਰ ਰੂਪਾਂ ਖਿਲਾਫ਼ ਆਸਟ੍ਰੇਲੀਆ ਦੀ ਜਵਾਬੀ-ਕਾਰਵਾਈ 'ਤੇ ਵਿਚਾਰ ਕੀਤਾ ਹੈ। ਇਨ੍ਹਾਂ ਜਾਂਚ-ਪੜਤਾਲਾਂ ਲਈ ਆਈਆਂ ਕਈ ਸਬਮਿਸ਼ਨਾਂ ਨੇ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਦੀ ਸੁਰੱਖਿਆ ਲਈ ਕਾਨੂੰਨੀ ਢਾਂਚੇ ਵਿੱਚ ਮੌਜੂਦ ਕਮੀਆਂ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਹਾਲਾਂਕਿ ਕੁੱਝ ਸੁਰੱਖਿਆਵਾਂ ਬੱਚਿਆਂ ਲਈ ਉਪਲਬਧ ਹਨ, ਪਰ ਬਾਲਗਾਂ ਲਈ ਉਨ੍ਹਾਂ ਦੇ ਬਰਾਬਰ ਦੀਆਂ ਸੁਰੱਖਿਆਵਾਂ ਉਪਲਬਧ ਨਹੀਂ ਹਨ।

ਇਨ੍ਹਾਂ ਸਬਮਿਸ਼ਨਾਂ ਵਿੱਚ, ਹਿੱਤਧਾਰਕਾਂ ਨੇ ਇੱਕ ਅਜਿਹੇ ਸਿਵਲ ਢਾਂਚਾ ਦੀ ਸ਼ੁਰੂਆਤ ਕਰਨ ਦੀ ਵਕਾਲਤ ਕੀਤੀ ਜੋ ਇਹ ਯਕੀਨੀ ਬਣਾਉਂਦਾ ਹੋਵੇ ਕਿ ਉਮਰ ਅਤੇ ਸਥਾਨ ਦੀ ਪਰਵਾਹ ਕੀਤੇ ਬਿਨਾਂ ਪੀੜਤ ਅਤੇ ਬਚਣ ਵਾਲੇ ਲੋਕਾਂ ਨੂੰ ਸੁਰੱਖਿਆਵਾਂ ਉਪਲਬਧ ਹੋਣ, ਅਤੇ ਇਨ੍ਹਾਂ ਜਾਂਚ-ਪੜਤਾਲਾਂ ਦੀਆਂ ਅੰਤਮ ਰਿਪੋਰਟਾਂ ਨੇ ਕੌਮਨਵੈਲਥ ਸਰਕਾਰ ਨੂੰ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਵੀ ਜ਼ਬਰਨ ਵਿਆਹ ਨਾਲ ਸੰਬੰਧਿਤ ਸੁਰੱਖਿਆ ਆਦੇਸ਼ਾਂ ਨੂੰ ਵਧਾਉਣ 'ਤੇ ਵਿਚਾਰ ਕਰਨ ਦੀ ਸਿਫਾਰਸ਼ ਕੀਤੀ।

ਇਸ ਪੇਪਰ ਵਿੱਚ ਦਰਸਾਏ ਗਏ ਪ੍ਰਸਤਾਵਾਂ ਦਾ ਉਦੇਸ਼ ਆਸਟ੍ਰੇਲੀਆ ਦੀ ਮੌਜੂਦਾ ਜ਼ਬਰਨ ਵਿਆਹ ਖਿਲਾਫ਼ ਜਵਾਬੀ ਕਾਰਵਾਈ ਦਾ ਪੂਰਕ ਬਣਦੇ ਹੋਏ ਦਖ਼ਲ ਅਤੇ ਰੋਕਥਾਮ ਦੇ ਟੂਲਾਂ ਨੂੰ ਮਜ਼ਬੂਤ ਕਰਨਾ ਹੈ ਜੋ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਸਮੇਂ ਦੀ ਨਾਜ਼ੁਕਤਾ ਸੰਬੰਧੀ ਨਤੀਜੇ ਹਾਸਿਲ ਕਰ ਸਕਦੇ ਹਨ।

UK ਦਾ ਅਨੁਭਵ, ਅਤੇ ਨਾਲ ਹੀ ਨਾਲ ਹਿੱਤਧਾਰਕਾਂ ਦੀ ਹੁਣ ਤੱਕ ਦੀ ਫੀਡਬੈਕ ਇਹ ਦਰਸਾਉਂਦੀ ਹੈ ਕਿ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਇੱਕ ਮਜ਼ਬੂਤ ਸਹਾਇਤਾ ਸੇਵਾ ਪ੍ਰਣਾਲੀ ਦੁਆਰਾ ਸਹਾਇਤਾ ਦਿੱਤੇ ਜਾਣ ਦੇ ਨਾਲ ਹੀ ਨਾਲ, ਜ਼ਬਰਨ ਵਿਆਹ ਦੁਆਰਾ ਸਭ ਤੋਂ ਵੱਧ ਪ੍ਰਭਾਵਿਤ ਭਾਈਚਾਰਿਆਂ ਦੇ ਨਾਲ ਸੱਭਿਆਚਾਰਕ ਤੌਰ 'ਤੇ ਢੁਕਵੀਂ ਸਿੱਖਿਆ ਅਤੇ ਜਾਗਰੂਕਤਾ ਵਧਾਉਣ ਦੀਆਂ ਪਹਿਲਕਦਮੀਆਂ ਨਾਲ ਸਹਾਇਤਾ ਦਿੱਤੇ ਜਾਣ ਦੀ ਲੋੜ ਹੈ। ਇਹ ਸਲਾਹ-ਮਸ਼ਵਰਾ ਪੱਤਰ ਸਹਾਇਤਾਵਾਂ ਬਾਰੇ, ਅਤੇ ਸਿੱਖਿਆ ਅਤੇ ਜਾਗਰੂਕਤਾ ਵਧਾਉਣ ਵਾਲੀਆਂ ਗਤੀਵਿਧੀਆਂ ਬਾਰੇ ਵਿਚਾਰ ਮੰਗਦਾ ਹੈ, ਜਿਸ ਵਿੱਚ ਪਰਿਵਾਰਕ ਅਤੇ ਘਰੇਲੂ ਹਿੰਸਾ ਸੇਵਾ ਪ੍ਰਣਾਲੀਆਂ ਰਾਹੀਂ ਵਿਚਾਰ ਲੈਣੇ ਵੀ ਸ਼ਾਮਿਲ ਹਨ। ਇਹ ਨਵਾਂ FMSSP ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਉਪਲਬਧ ਸਹਾਇਤਾ ਨੂੰ ਮਜ਼ਬੂਤ ਕਰਨ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਏਗਾ।

## ਫੀਡਬੈਕ ਲਈ ਪ੍ਰਸਤਾਵ

ਹੇਠਾਂ ਦਿੱਤੇ ਭਾਗਾਂ ਵਿੱਚ ਜ਼ਬਰਨ ਵਿਆਹ ਖਿਲਾਫ਼ ਮਜ਼ਬੂਤ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਦੀਆਂ ਪ੍ਰਸਤਾਵਿਤ ਮੁੱਖ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਰਾਸ਼ਟਰੀ ਕਾਨੂੰਨ ਦੁਆਰਾ ਜਾਂ ਮੌਜੂਦਾ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਢਾਂਚੇ ਵਿੱਚ ਸੁਧਾਰਾਂ ਨੂੰ ਏਕੀਕ੍ਰਿਤ ਕਰਕੇ ਇਨ੍ਹਾਂ ਨੂੰ ਸਥਾਪਿਤ ਕਰਨ ਦੇ ਤਰੀਕਿਆਂ ਬਾਰੇ ਫੀਡਬੈਕ ਮੰਗਿਆ ਗਿਆ ਹੈ। ਇਨ੍ਹਾਂ ਨੂੰ ਸਥਾਪਿਤ ਕਰਨ ਲਈ ਪ੍ਰਸਤਾਵਿਤ ਮੁੱਖ ਵਿਸ਼ੇਸ਼ਤਾਵਾਂ ਅਤੇ ਤਰੀਕੇ ਸਾਰੀਆਂ ਆਸਟ੍ਰੇਲੀਆਈ ਸਰਕਾਰਾਂ ਦੁਆਰਾ ਚਰਚਾ ਅਤੇ ਹੋਰ ਵਿਚਾਰ ਕਰਨ ਦੇ ਅਧੀਨ ਹਨ।

ਮਜ਼ਬੂਤ ਕੀਤੀਆਂ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਲਾਗੂ ਕਰਨ ਦੇ ਤਰੀਕੇ

ਆਸਟ੍ਰੇਲੀਆਈ ਸਰਕਾਰਾਂ ਜ਼ਬਰਨ ਵਿਆਹ ਖਿਲਾਫ਼ ਮਜ਼ਬੂਤ ਸਿਵਲ ਸੁਰੱਖਿਆਵਾਂ ਅਤੇ ਉਪਾਅ ਲਾਗੂ ਕਰਨ ਦੇ ਤਰੀਕਿਆਂ 'ਤੇ ਵਿਚਾਰ ਕਰ ਰਹੀਆਂ ਹਨ। ਇਨ੍ਹਾਂ ਦੋ ਤਰੀਕਿਆਂ ਵਿੱਚ ਸ਼ਾਮਿਲ ਹੋ ਸਕਦੇ ਹਨ:

**ਤਰੀਕਾ A:** ਰਾਸ਼ਟਰੀ, ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੇ ਮੌਜੂਦਾ ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚਿਆਂ ਵਿੱਚ ਵਧੇਰੇ ਮਜ਼ਬੂਤ ਸੁਰੱਖਿਆਵਾਂ ਨੂੰ ਜੋੜਨਾ;

ਇਸ ਵਿੱਚ ਨਿਆਂ-ਅਧਿਕਾਰ ਖੇਤਰਾਂ ਲਈ ਵਧੇਰੇ ਮਜ਼ਬੂਤ ਕੀਤੀਆਂ ਸੁਰੱਖਿਆਵਾਂ ਦੇ ਸਾਂਝੇ ਸਿਧਾਂਤਾਂ ਜਾਂ ਸੁਵਿਧਾਵਾਂ ਨੂੰ ਵਿਕਸਿਤ ਕਰਨਾ ਅਤੇ ਲਈ ਸਹਿਮਤ ਹੋਣਾ ਸ਼ਾਮਿਲ ਹੋ ਸਕਦਾ ਹੈ ਤਾਂ ਜੋ ਜਿੱਥੇ ਢੁੱਕਵਾਂ ਹੋਵੇ ਉੱਥੇ ਉਨ੍ਹਾਂ ਦੇ ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚਿਆਂ ਵਿੱਚ ਏਕੀਕ੍ਰਿਤ ਕੀਤਾ ਜਾ ਸਕੇ, **ਜਾਂ**

**B ਤਰੀਕਾ:** ਸੂਬਾ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਤੋਂ ਲਾਗੂ ਕਰਨ ਲਈ ਸਹਾਇਤਾ ਦੇ ਨਾਲ, ਰਾਸ਼ਟਰੀ ਪੱਧਰ ਦੇ ਕਾਨੂੰਨ ਰਾਹੀਂ ਨਵੀਂਆਂ ਸੁਰੱਖਿਆਵਾਂ ਬਣਾਉਣੀਆਂ।

### *ਤਰੀਕਾ A: ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚੇ ਨਾਲ ਏਕੀਕਰਨ*

A ਤਰੀਕੇ ਦਾ ਉਦੇਸ਼ ਮੌਜੂਦਾ ਮੁਹਾਰਤ ਅਤੇ ਪ੍ਰਣਾਲੀਆਂ 'ਤੇ ਅੱਗੇ ਵੱਧ ਕੇ ਰਾਸ਼ਟਰੀ, ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੇ ਮੌਜੂਦਾ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਢਾਂਚਿਆਂ ਵਿੱਚ ਮਜ਼ਬੂਤ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਏਕੀਕ੍ਰਿਤ ਕਰਨ ਦੀ ਕੋਸ਼ਿਸ਼ ਕਰਨਾ ਹੈ।

ਖੋਜ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਜ਼ਬਰਨ ਵਿਆਹ ਅਤੇ ਜ਼ਬਰੀ ਕੰਟਰੋਲ ਦੇ ਵਿਚਕਾਰ ਸੰਬੰਧਾਂ ਨੂੰ ਦਰਸਾਉਂਦੀ ਹੈ, ਜਿਸ ਵਿੱਚ ਅਪਰਾਧੀ ਸਮੇਂ-ਸਮੇਂ 'ਤੇ ਬੱਚਿਆਂ ਅਤੇ ਬਾਲਗਾਂ ਨੂੰ ਵਿਆਹ ਲਈ ਮਜਬੂਰ ਕਰਨ ਲਈ ਸੋਸ਼ਣ ਭਰੇ ਵਿਵਹਾਰਾਂ ਦੇ ਇੱਕ ਪੈਟਰਨ ਨੂੰ ਵਰਤਦੇ ਹਨ। ਇਹ ਤਰੀਕਾ ਮੌਜੂਦਾ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਢਾਂਚਿਆਂ ਅਤੇ ਮੁਹਾਰਤ ਦੇ ਆਧਾਰ 'ਤੇ ਇਨ੍ਹਾਂ ਸੰਬੰਧਾਂ ਨੂੰ ਸਾਹਮਣੇ ਲਿਆਉਣ ਦਾ ਉਦੇਸ਼ ਰੱਖਦਾ ਹੈ। ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਢਾਂਚੇ ਅਲੱਗ-ਅਲੱਗ ਨਿਆਂ-ਅਧਿਕਾਰ ਖੇਤਰਾਂ ਵਿੱਚ ਵੱਖ-ਵੱਖ ਹਨ, ਅਤੇ ਕੁੱਝ ਕੁ ਨਿਆਂ-ਅਧਿਕਾਰ ਖੇਤਰਾਂ ਵਿੱਚ, ਜ਼ਬਰਨ ਵਿਆਹ ਲਈ ਸਿਵਲ ਸੁਰੱਖਿਆਵਾਂ ਨੂੰ ਵਿਕਲਪਕ ਢਾਂਚੇ ਵਿੱਚ ਏਕੀਕ੍ਰਿਤ ਕਰਨਾ ਵਧੇਰੇ ਉਚਿਤ ਹੋ ਸਕਦਾ ਹੈ। ਉਦਾਹਰਨ ਲਈ, ਤਸਮਾਨੀਆ ਵਿੱਚ *Family Violence Act 2004 (ਪਰਿਵਾਰਕ ਹਿੰਸਾ ਐਕਟ 2004) (Tas)* ਸਿਰਫ਼ ਕਿਸੇ ਵਿਅਕਤੀ ਦੇ ਜੀਵਨਸਾਥੀ ਜਾਂ ਪਾਰਟਨਰ ਦੁਆਰਾ ਕੀਤੇ ਗਏ ਵਿਵਹਾਰ ਨੂੰ ਹੱਲ ਕਰਦਾ ਹੈ ਅਤੇ ਜ਼ਬਰਨ ਵਿਆਹ ਲਈ ਸਿਵਲ ਸੁਰੱਖਿਆ ਨੂੰ ਏਕੀਕ੍ਰਿਤ ਕਰਨ ਲਈ ਹੋਰ ਬਦਲਵੇਂ ਢਾਂਚੇ/ਢਾਂਚਿਆਂ ਨੂੰ ਬਿਹਤਰ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ।

ਮੌਜੂਦਾ ਪ੍ਰਣਾਲੀਆਂ ਦੇ ਨਾਲ ਏਕੀਕਰਨ ਕਰਨ ਨਾਲ ਵਧੇਰੇ ਪਰਿਵਾਰਕ ਅਤੇ ਘਰੇਲੂ ਹਿੰਸਾ ਸਹਾਇਤਾਵਾਂ ਨਾਲ ਜੁੜਨ ਦਾ ਮੌਕਾ ਮਿਲਦਾ ਹੈ, ਜਿਸ ਵਿੱਚ ਵਿਸ਼ੇਸ਼ ਅਦਾਲਤਾਂ, ਸੁਰੱਖਿਆਵਾਂ ਅਤੇ ਸਹਾਇਤਾਵਾਂ ਸ਼ਾਮਿਲ ਹਨ। ਮੌਜੂਦਾ ਪ੍ਰਣਾਲੀਆਂ ਦੇ ਆਧਾਰ 'ਤੇ ਅੱਗੇ ਵੱਧਣ ਨਾਲ ਇਹ ਜ਼ੋਖਮ ਵੀ ਘੱਟ ਸਕਦਾ ਹੈ ਕਿ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਨੂੰ ਉਹਨਾਂ ਨੂੰ ਲੋੜੀਂਦੀ ਸਹਾਇਤਾ ਅਤੇ ਸੁਰੱਖਿਆ ਹਾਸਿਲ ਕਰਨ ਲਈ ਵੱਖ-ਵੱਖ ਅਦਾਲਤਾਂ ਅਤੇ ਪ੍ਰਣਾਲੀਆਂ ਵਿੱਚੋਂ ਲੰਘਣਾ ਪਵੇਗਾ।

ਜ਼ਬਰਨ ਵਿਆਹ ਖਿਲਾਫ਼ ਸੁਰੱਖਿਆਵਾਂ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਢਾਂਚੇ ਵਿੱਚ ਏਕੀਕ੍ਰਿਤ ਕਰਨ ਲਈ, ਸਾਰੀਆਂ ਆਸਟ੍ਰੇਲੀਆਈ ਸਰਕਾਰਾਂ ਨੂੰ ਮਜ਼ਬੂਤ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਲਾਗੂ ਕਰਨ ਲਈ ਜਿੱਥੇ ਲੋੜ ਹੋਵੇ ਉੱਥੇ ਆਪਣੇ ਢਾਂਚਿਆਂ ਵਿੱਚ ਸੁਧਾਰ ਕਰਨ ਲਈ ਸਹਿਮਤ ਹੋਣ ਦੀ ਲੋੜ ਹੋਵੇਗੀ। ਇਸ ਮਾਡਲ ਲਈ ਹਰੇਕ ਨਿਆਂ-ਅਧਿਕਾਰ ਖੇਤਰ ਵਿੱਚ ਕਾਨੂੰਨੀ ਸੋਧਾਂ ਕਰਨ ਦੀ ਲੋੜ ਹੋਵੇਗੀ (ਜਿੱਥੇ ਜ਼ਰੂਰੀ ਹੋਵੇ), ਜੋ ਵੱਖ-ਵੱਖ ਨਿਆਂ-ਅਧਿਕਾਰ ਖੇਤਰਾਂ ਵਿੱਚ ਵੱਖ-ਵੱਖ ਕਾਨੂੰਨੀ ਢਾਂਚਿਆਂ ਅਤੇ ਪਹੁੰਚਾਂ ਕਾਰਨ ਗੁੰਝਲਦਾਰ ਹੋ ਸਕਦੇ ਹਨ।

ਲਾਗੂ ਕਰਨ ਵਿੱਚ ਸਹਾਇਤਾ ਕਰਨ ਲਈ ਪੁਲਿਸ ਅਫ਼ਸਰਾਂ ਅਤੇ ਹੋਰ ਫਰੰਟਲਾਈਨ ਅਧਿਕਾਰੀਆਂ, ਸੇਵਾ ਪ੍ਰਦਾਤਾਵਾਂ, ਅਦਾਲਤਾਂ ਅਤੇ ਨਿਆਂਪਾਲਿਕਾ ਵਿਚਲੇ ਲੋਕਾਂ, ਅਤੇ ਭਾਈਚਾਰਿਆਂ ਦੇ ਨਾਲ ਮਜ਼ਬੂਤ ਸਿੱਖਿਆ, ਜਾਗਰੂਕਤਾ ਵਧਾਉਣ ਅਤੇ ਸਮਰੱਥਾ ਨਿਰਮਾਣ ਕਰਨ ਦੀ ਵੀ ਲੋੜ ਹੋਵੇਗੀ। ਰਾਸ਼ਟਰੀ, ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੇ ਪੱਧਰਾਂ 'ਤੇ ਵੱਖ-ਵੱਖ ਏਜੰਸੀਆਂ ਅਤੇ ਸੇਵਾ ਪ੍ਰਦਾਤਾਵਾਂ ਵਿਚਕਾਰ ਮਜ਼ਬੂਤ ਤਾਲਮੇਲ ਮਹੱਤਵਪੂਰਨ ਹੋਵੇਗਾ।

ਵੱਖ-ਵੱਖ ਨਿਆਂ-ਅਧਿਕਾਰ ਖੇਤਰਾਂ ਵਿਚਕਾਰ ਜਾਣਕਾਰੀ ਸਾਂਝੀ ਕਰਨੀ ਮਹੱਤਵਪੂਰਨ ਹੋਵੇਗੀ, ਅਤੇ ਇਸਨੂੰ National Domestic Violence Order Scheme (NDVOS) ਦੁਆਰਾ ਸਮਰਥਿਤ ਕੀਤਾ ਜਾ ਸਕਦਾ ਹੈ, ਜੋ ਇੱਕ ਆਸਟ੍ਰੇਲੀਆਈ ਸੂਬੇ ਜਾਂ ਟੈਰੀਟਰੀ ਵਿੱਚ ਜਾਰੀ ਕੀਤੇ ਗਏ ਸਾਰੇ ਘਰੇਲੂ ਹਿੰਸਾ ਦੇ ਆਦੇਸ਼ਾਂ ਨੂੰ ਆਸਟ੍ਰੇਲੀਆ ਭਰ ਵਿੱਚ ਆਪਣੇ-ਆਪ ਹੀ ਮੰਨਣ ਅਤੇ ਲਾਗੂ ਹੋਣ ਯੋਗ ਬਣਾਵੇ।

### *ਸਾਂਝੇ ਸਿਧਾਂਤ*

ਪਹਿਲੀ ਸਥਿਤੀ ਵਿੱਚ, ਤਰੀਕੇ A ਨੂੰ ਮਜ਼ਬੂਤ ਕੀਤੀਆਂ ਸੁਰੱਖਿਆਵਾਂ ਦੇ ਸਾਂਝੇ ਸਿਧਾਂਤਾਂ ਜਾਂ ਸੁਵਿਧਾਵਾਂ ਨੂੰ ਵਿਕਸਿਤ ਕਰਨ ਰਾਹੀਂ ਅੱਗੇ ਵਧਾਇਆ ਜਾ ਸਕਦਾ ਹੈ ਜੋ ਨਿਆਂ-ਅਧਿਕਾਰ ਖੇਤਰ ਜਿੱਥੇ ਢੁੱਕਵਾਂ ਹੋਵੇ ਉੱਥੇ ਉਨ੍ਹਾਂ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚਿਆਂ, ਜਾਂ ਹੋਰ ਸੰਬੰਧਿਤ ਢਾਂਚਿਆਂ ਵਿੱਚ ਢੁੱਕਵੇਂ ਰੂਪ ਵਿੱਚ ਏਕੀਕ੍ਰਿਤ ਕਰਨਗੇ।

ਇਹ ਸਿਧਾਂਤ ਜਾਂ ਸੁਵਿਧਾਵਾਂ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਮਜ਼ਬੂਤ ਕਰਨ ਲਈ ਸਾਰੇ ਨਿਆਂ-ਅਧਿਕਾਰ ਖੇਤਰਾਂ ਦੀ ਪਹੁੰਚ ਨੂੰ ਸਹਾਰਾ ਦੇਣਗੀਆਂ। ਉਹ ਇਸ ਪੇਪਰ ਦੇ ਭਾਗ 1 ਅਤੇ 2 ਵਿੱਚ ਦਿੱਤੇ ਸੁਝਾਵਾਂ ਨੂੰ ਲਾਗੂ ਕਰਨ ਲਈ ਵੀ ਰਾਹ ਦਿਖਾ ਸਕਦੇ ਹਨ।

ਮਜ਼ਬੂਤ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਦੇ ਸਿਧਾਂਤਾਂ ਜਾਂ ਸੁਵਿਧਾਵਾਂ 'ਤੇ ਸਹਿਮਤ ਹੋ ਕੇ, ਸਰਕਾਰਾਂ ਉਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੋਣਗੀਆਂ, ਜਦੋਂਕਿ ਲਾਗੂ ਕਰਨ ਦੀ ਲਚਕਤਾ ਬਰਕਰਾਰ ਰਹੇਗੀ। ਨਿਆਂ-ਅਧਿਕਾਰ ਖੇਤਰ ਮੌਜੂਦਾ ਵਿਧੀਆਂ, ਜਿਵੇਂ ਕਿ ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚਿਆਂ ਦੀ ਵਰਤੋਂ ਕਰਨ, ਨਵੇਂ ਢਾਂਚਿਆਂ ਨੂੰ ਬਣਾਉਣ, ਜਾਂ ਸਿਧਾਂਤਾਂ ਨੂੰ ਇੱਕਠੇ ਕਰਨ ਅਤੇ ਹੱਲ ਕਰਨ ਲਈ ਹੋਰ ਪਸੰਦੀਦਾ ਤਰੀਕਿਆਂ ਦੀ ਵਰਤੋਂ ਕਰਨ ਦੀ ਚੋਣ ਕਰ ਸਕਦੇ ਹਨ।

## *ਤਰੀਕਾ B: ਰਾਸ਼ਟਰੀ ਪੱਧਰ ਦਾ ਇੱਕ ਵੱਖਰਾ ਕਾਨੂੰਨ*

ਤਰੀਕਾ B ਰਾਸ਼ਟਰੀ ਪੱਧਰ ਦੇ ਵੱਖਰੇ ਕਾਨੂੰਨ ਰਾਹੀਂ ਇੱਕ ਨਵੇਂ ਜ਼ਬਰਨ ਵਿਆਹ ਆਦੇਸ਼ ਨੂੰ ਸਥਾਪਿਤ ਕਰੇਗਾ। ਇਸ ਦਾ ਉਦੇਸ਼ ਤਰੀਕੇ A ਵਿੱਚ ਸੁਝਾਅ ਦਿੱਤੇ ਵਰਗੇ ਸੁਰੱਖਿਆ ਨਤੀਜਿਆਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨਾ ਹੋਵੇਗਾ।

ਰਾਸ਼ਟਰੀ ਪੱਧਰ ਦਾ ਇੱਕ ਵੱਖਰਾ ਕਾਨੂੰਨ ਬਣਾਉਣਾ ਇੱਕ ਮੌਕਾ ਪ੍ਰਦਾਨ ਕਰੇਗਾ ਕਿ ਸਾਰੇ ਨਿਆਂ-ਅਧਿਕਾਰ ਖੇਤਰਾਂ ਵਿੱਚ ਬਰਾਬਰ ਅਤੇ ਇਕਸਾਰ ਲਾਗੂ ਹੋਣ ਵਾਲਾ ਰਾਸ਼ਟਰੀ ਕਾਨੂੰਨ ਲਾਗੂ ਹੁੰਦਾ ਹੈ। ਇਸ ਕਾਨੂੰਨ ਰਾਹੀਂ ਅਦਾਲਤਾਂ ਅਜਿਹੇ ਆਦੇਸ਼ ਜਾਰੀ ਕਰ ਸਕਣਗੀਆਂ ਜੋ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਦਾ ਬਚਾਅ ਅਤੇ ਸੁਰੱਖਿਆ ਦੀਆਂ ਲੋੜਾਂ ਨੂੰ ਹੱਲ ਕਰਨਗੇ।

ਤਰੀਕੇ A ਦੀ ਤਰ੍ਹਾਂ ਹੀ, ਤਰੀਕੇ B ਨੂੰ ਵੀ ਸਾਰੇ ਨਿਆਂ-ਅਧਿਕਾਰ ਖੇਤਰਾਂ ਵਿੱਚ ਸਹਿਯੋਗ ਅਤੇ ਤਾਲਮੇਲ ਦੀ ਲੋੜ ਹੋਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਾਸ਼ਟਰੀ ਪੱਧਰ ਦੇ ਆਦੇਸ਼ ਪ੍ਰਾਪਤ ਕਰਨ ਵਿੱਚ ਸੌਖੇ, ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਹਨ। ਉਦਾਹਰਨ ਲਈ, ਇਹ ਸੂਬਾ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੀਆਂ ਅਦਾਲਤਾਂ ਨੂੰ ਰਾਸ਼ਟਰੀ ਪੱਧਰ ਦੇ ਆਦੇਸ਼ਾਂ ਲਈ ਅਰਜ਼ੀਆਂ ਸੁਣਨ ਦਾ ਅਧਿਕਾਰ ਦੇ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਨਿਆਂ-ਅਧਿਕਾਰ ਖੇਤਰਾਂ ਦਰਮਿਆਨ ਤਾਲਮੇਲ ਅਤੇ ਪ੍ਰਭਾਵਸ਼ਾਲੀ ਏਕੀਕਰਨ ਲਈ ਪ੍ਰਭਾਵਸ਼ਾਲੀ ਸੰਚਾਰ ਅਤੇ ਜਾਣਕਾਰੀ ਸਾਂਝੀ ਕਰਨ ਦੀਆਂ ਪ੍ਰਕਿਰਿਆਵਾਂ ਮਹੱਤਵਪੂਰਨ ਹੋਣਗੀਆਂ, ਜਿਸ ਵਿੱਚ NDVOS 'ਤੇ ਵਿਚਾਰ ਕਰਨਾ ਵੀ ਸ਼ਾਮਿਲ ਹੈ। ਇਸੇ ਤਰ੍ਹਾਂ, B ਤਰੀਕਾ ਆਦੇਸ਼ਾਂ ਦੇ ਦਸਤਾਵੇਜ਼ ਨੂੰ ਸੌਂਪਣ ਅਤੇ ਲਾਗੂ ਕਰਨ ਵਿੱਚ ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੀ ਪੁਲਿਸ ਦੀ ਭੂਮਿਕਾ 'ਤੇ ਵਿਚਾਰ ਕਰ ਸਕਦਾ ਹੈ।

ਰਾਸ਼ਟਰੀ ਤੌਰ 'ਤੇ ਇਕਸਾਰ ਹੋਣ ਦੇ ਬਾਵਜੂਦ, ਇਸ ਮਾਡਲ ਲਈ ਸੰਭਾਵੀ ਤੌਰ 'ਤੇ ਬਿਨੈਕਾਰਾਂ ਨੂੰ ਸੁਰੱਖਿਆ ਅਤੇ ਸਹਾਇਤਾ ਦੀ ਮੰਗ ਕਰਨ ਲਈ ਕਈ ਪ੍ਰਣਾਲੀਆਂ ਤੱਕ ਪਹੁੰਚ ਕਰਨ ਦੀ ਲੋੜ ਹੋਵੇਗੀ। ਫਿਰ ਤੋਂ, ਸਪੱਸ਼ਟ ਰੈਫ਼ਰਲ ਪ੍ਰਕਿਰਿਆਵਾਂ, ਅਤੇ ਇਨ੍ਹਾਂ ਬਾਰੇ ਸਿੱਖਿਆ ਅਤੇ ਜਾਗਰੂਕਤਾ ਵਧਾਉਣਾ ਜ਼ੋਖਮਾਂ ਨੂੰ ਘਟਾਉਣ ਲਈ ਮਹੱਤਵਪੂਰਨ ਹੋਵੇਗਾ, ਜਿਸ ਵਿੱਚ ਪੁਲਿਸ ਅਫ਼ਸਰਾਂ ਅਤੇ ਹੋਰ ਫਰੰਟਲਾਈਨ ਅਧਿਕਾਰੀਆਂ, ਸੇਵਾ ਪ੍ਰਦਾਤਾਵਾਂ, ਅਦਾਲਤਾਂ ਅਤੇ ਨਿਆਂਪਾਲਿਕਾ ਵਿਚਲੇ ਲੋਕਾਂ, ਅਤੇ ਭਾਈਚਾਰੇ ਸ਼ਾਮਿਲ ਹਨ।

**ਸਲਾਹ-ਮਸ਼ਵਰੇ ਦੇ ਸਵਾਲ**

8. ਕੀ ਤੁਸੀਂ ਸੋਚਦੇ ਹੋ ਕਿ ਆਸਟ੍ਰੇਲੀਆ ਵਿੱਚ ਜ਼ਬਰਨ ਵਿਆਹ ਖਿਲਾਫ਼ ਜਵਾਬੀ ਕਾਰਵਾਈ ਕਰਨ ਅਤੇ ਰੋਕਣ ਲਈ ਉਪਲਬਧ ਮੌਜੂਦਾ ਕਾਨੂੰਨੀ ਸੁਰੱਖਿਆਵਾਂ ਵਿੱਚ ਕੋਈ ਕਮੀਆਂ ਹਨ? ਜੇਕਰ ਹਾਂ, ਤਾਂ ਉਹ ਕਮੀਆਂ ਕੀ ਹਨ?
9. ਇਹ ਪੇਪਰ ਸਿਵਲ ਕਾਨੂੰਨੀ ਸੁਰੱਖਿਆਵਾਂ ਨੂੰ ਮਜ਼ਬੂਤ ਕਰਨ ਲਈ ਦੋ ਤਰੀਕਿਆਂ 'ਤੇ ਵਿਚਾਰ ਕਰਦਾ ਹੈ: ਤਰੀਕਾ A (ਮੌਜੂਦਾ ਕਾਨੂੰਨ ਨੂੰ ਮਜ਼ਬੂਤ ਕਰਨਾ, ਸੰਭਵ ਤੌਰ 'ਤੇ ਸਾਂਝੇ ਸਿਧਾਂਤਾਂ ਰਾਹੀਂ) ਅਤੇ ਤਰੀਕਾ B (ਵੱਖਰਾ ਰਾਸ਼ਟਰੀ ਪੱਧਰ ਦਾ ਕਾਨੂੰਨ ਲੈ ਕੇ ਆਉਣਾ)। ਇਨ੍ਹਾਂ ਦੋਵਾਂ ਲਾਗੂ ਕਰਨ ਵਾਲੇ ਤਰੀਕਿਆਂ ਵਿੱਚੋਂ ਕਿਹੜਾ ਵੱਧ ਪ੍ਰਭਾਵਸ਼ਾਲੀ ਹੋਵੇਗਾ ਅਤੇ ਕਿਉਂ? ਇਸ ਵਿੱਚ ਮੁੱਖ ਜ਼ੋਖਮ ਕੀ ਹਨ? ਕੀ ਇੱਥੇ ਕੋਈ ਹੋਰ ਤਰੀਕੇ ਹਨ ਜਿਨ੍ਹਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ?
10. ਤਰੀਕੇ A ਦੇ ਤਹਿਤ, ਕੀ ਇੱਥੇ ਕੋਈ ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚਿਆਂ ਤੋਂ ਇਲਾਵਾ ਸਿਵਲ ਸੁਰੱਖਿਆ ਢਾਂਚੇ ਹਨ ਜਿਨ੍ਹਾਂ ਦੀ ਵਰਤੋਂ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕੀਤੀ ਜਾ ਸਕਦੀ ਹੈ?

## ਮਜ਼ਬੂਤ ਕੀਤੀਆਂ ਸਿਵਲ ਸੁਰੱਖਿਆਵਾਂ ਅਤੇ ਉਪਾਅ - ਮੁੱਖ ਵਿਸ਼ੇਸ਼ਤਾਵਾਂ

### *ਆਦੇਸ਼ਾਂ ਲਈ ਆਧਾਰ*

'ਆਦੇਸ਼ਾਂ ਲਈ ਆਧਾਰ' ਉਹ ਕਾਰਨ ਹੁੰਦੇ ਹਨ ਜਿਨ੍ਹਾਂ ਦੇ ਆਧਾਰ 'ਤੇ ਅਦਾਲਤ ਆਦੇਸ਼ ਜਾਰੀ ਕਰ ਸਕਦੀ ਹੈ ਅਤੇ ਇਹ ਕਾਨੂੰਨ ਵਿੱਚ ਲਿਖੇ ਹੋਏ ਹੁੰਦੇ ਹਨ।

ਉਦਾਹਰਨ ਲਈ, ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੇ ਸਿਵਲ ਸੁਰੱਖਿਆ ਢਾਂਚੇ ਆਮ ਤੌਰ 'ਤੇ ਕਿਸੇ ਵਿਅਕਤੀ ਨੂੰ ਸਿਵਲ ਸੁਰੱਖਿਆ ਪ੍ਰਦਾਨ ਕਰਨ ਲਈ ਹਿੰਸਾ ਦੀ ਮੌਜੂਦਗੀ, ਜਾਂ ਹੋਣ ਦੀ ਉਮੀਦ ਨੂੰ ਢੁੱਕਵਾਂ ਆਧਾਰ ਮੰਨਦੇ ਹਨ।

ਜ਼ਬਰਨ ਵਿਆਹ ਨਾਲ -ਸੰਬੰਧਿਤ ਸਿਵਲ ਸੁਰੱਖਿਆ ਦੇ ਆਦੇਸ਼ ਦੇਣ ਲਈ ਸੰਭਾਵਿਤ ਆਧਾਰਾਂ ਵਿੱਚ ਅਦਾਲਤ ਦਾ ਸੰਭਾਵਨਾਵਾਂ ਦੇ ਸੰਤੁਲਨ 'ਤੇ ਸੰਤੁਸ਼ਟ ਹੋਣਾ ਸ਼ਾਮਿਲ ਹੋ ਸਕਦਾ ਹੈ ਕਿ ਕਿਸੇ ਵਿਅਕਤੀ ਕੋਲ ਡਰਨ ਲਈ ਵਾਜਬ ਕਾਰਨ ਹਨ ਕਿ ਉਹਨਾਂ ਨੂੰ ਵਿਆਹ ਕਰਨ ਲਈ ਮਜ਼ਬੂਰ ਕੀਤਾ ਜਾਵੇਗਾ। ਇਹ ਇਸ ਕਾਰਨ ਹੋ ਸਕਦੇ ਹਨ:

- ਉਸ ਵਿਅਕਤੀ (ਜਾਂ ਕਿਸੇ ਹੋਰ ਵਿਅਕਤੀ, ਜਿਵੇਂ ਕਿ ਭੈਣ-ਭਰਾ) ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ
- ਜ਼ਬਰਨ ਵਿਆਹ ਕਰਨ ਦੇ ਉਦੇਸ਼ ਲਈ ਵਿਦੇਸ਼ ਲਿਜਾਏ ਜਾਣ ਦਾ ਜ਼ੋਖਮ ਜਾਂ ਉਮੀਦ, ਜਾਂ
- ਜਵਾਬਦੇਹ ਵੱਲੋਂ ਵਿਆਹ ਲਈ ਮਜ਼ਬੂਰ ਕਰਨ ਲਈ ਦਬਾਅ ਪਾਉਣ ਵਾਲਾ ਵਿਵਹਾਰ ਕਰਨਾ।

ਉਹ ਆਧਾਰ ਜੋ ਪਹਿਲਾਂ ਹੀ ਸੂਬਾ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੇ ਢਾਂਚਿਆਂ ਵਿੱਚ ਮੌਜੂਦ ਹਨ, ਜਿਸ ਵਿੱਚ ਹਿੰਸਾ ਦਾ ਮੌਜੂਦ ਹੋਣਾ ਜਾਂ ਅਨੁਮਾਨਿਤ ਹਿੰਸਾ ਵੀ ਸ਼ਾਮਿਲ ਹੈ, ਉਹ ਹਾਲੇ ਵੀ ਢੁੱਕਵੇਂ ਬਣੇ ਰਹਿਣਗੇ।

**ਸਲਾਹ-ਮਸ਼ਵਰੇ ਦੇ ਸਵਾਲ**

11. ਜ਼ਬਰਨ ਵਿਆਹ ਨਾਲ ਜੁੜੇ **ਕਿਹੜੇ ਸਬੂਤ ਜਾਂ** ਹੋਰ ਕਿਸਮਾਂ ਦੀਆਂ ਕਾਰਵਾਈਆਂ, ਜ਼ੋਖਮਾਂ ਜਾਂ ਨੁਕਸਾਨਾਂ ਨੂੰ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਆਦੇਸ਼ ਦੀ ਮੰਗ ਕਰਨ ਲਈ ਆਧਾਰ ਮੰਨਿਆ ਜਾਣਾ ਚਾਹੀਦਾ ਹੈ?

### *ਆਦੇਸ਼ਾਂ ਦਾ ਦਾਇਰਾ*

ਆਦੇਸ਼ਾਂ ਦਾ ਦਾਇਰਾ ਉਨ੍ਹਾਂ ਕਈ ਕਿਸਮ ਦੇ ਆਦੇਸ਼ਾਂ ਜਾਂ ਕਾਰਵਾਈਆਂ ਦੀ ਰੂਪਰੇਖਾ ਬਾਰੇ ਦੱਸਦਾ ਹੈ ਜੋ ਜ਼ਬਰਨ ਵਿਆਹ ਨੂੰ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰਨ, ਕਿਸੇ ਵਿਅਕਤੀ ਨੂੰ ਜ਼ਬਰਨ ਵਿਆਹ ਤੋਂ ਬਾਹਰ ਨਿੱਕਲਣ ਵਿੱਚ ਮੱਦਦ ਕਰਨ, ਜਾਂ ਕਿਸੇ ਵਿਅਕਤੀ ਨੂੰ ਜ਼ਬਰਨ ਵਿਆਹ ਦੇ ਸੰਬੰਧ ਵਿੱਚ ਉਹਨਾਂ ਨੂੰ ਹੋ ਸਕਦੇ ਕਿਸੇ ਵੀ ਨੁਕਸਾਨ ਤੋਂ ਬਚਾਉਣ ਵਿੱਚ ਮੱਦਦ ਕਰਨ ਦਾ ਉਦੇਸ਼ ਰੱਖਦੀਆਂ ਹਨ (ਇਸ ਵਿੱਚ ਜ਼ਬਰਨ ਵਿਆਹ ਹੋਣ ਤੋਂ ਪਹਿਲਾਂ ਦਾ ਸਮਾਂ ਵੀ ਸ਼ਾਮਿਲ ਹੈ)।

ਇਨ੍ਹਾਂ ਆਦੇਸ਼ਾਂ ਦਾ ਦਾਇਰਾ ਆਸਟ੍ਰੇਲੀਆਈ ਸਰਕਾਰਾਂ ਦੁਆਰਾ ਚਰਚਾ ਅਤੇ ਵਿਚਾਰ ਕੀਤੇ ਜਾਣ ਦੇ ਅਧੀਨ ਹੈ ਅਤੇ ਇਹ ਲਾਗੂ ਕਰਨ ਦੀ ਤਰਜੀਹੀ ਵਿਧੀ (ਉਪਰੋਕਤ A ਅਤੇ B ਤਰੀਕੇ ਵਿੱਚ ਦੱਸੀ ਗਈ ਹੈ) 'ਤੇ ਵੀ ਨਿਰਭਰ ਕਰੇਗਾ। ਆਸਟ੍ਰੇਲੀਆਈ ਸਰਕਾਰਾਂ ਉਨ੍ਹਾਂ ਸਿਵਲ ਸੁਰੱਖਿਆਵਾਂ ਨੂੰ ਤਰਜੀਹ ਦੇਣਗੀਆਂ ਜੋ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਨੂੰ ਦਰਪੇਸ਼ ਆਉਂਦੇ ਸਭ ਤੋਂ ਆਮ ਅਤੇ ਮਹੱਤਵਪੂਰਨ ਜ਼ੋਖਮਾਂ ਅਤੇ ਨੁਕਸਾਨਾਂ ਨੂੰ ਹੱਲ ਕਰ ਸਕਦੀਆਂ ਹਨ। ਇਨ੍ਹਾਂ ਵਿੱਚ ਉਹ ਆਦੇਸ਼ ਸ਼ਾਮਿਲ ਹੋ ਸਕਦੇ ਹਨ ਜੋ:

- ਜਵਾਬਦੇਹ ਨੂੰ ਸੁਰੱਖਿਆ ਪ੍ਰਾਪਤ ਵਿਅਕਤੀ ਨੂੰ ਜ਼ਬਰਨ ਵਿਆਹ ਕਰਨ ਲਈ ਮਜ਼ਬੂਰ ਕਰਨ, ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕਰਨ, ਸਹਾਇਤਾ ਕਰਨ ਜਾਂ ਉਕਸਾਉਣ ਤੋਂ ਰੋਕਦੇ ਹਨ।
- ਜਵਾਬਦੇਹ ਨੂੰ ਸੁਰੱਖਿਆ ਪ੍ਰਾਪਤ ਵਿਅਕਤੀ ਲਈ ਵਿਆਹ ਦਾ ਪ੍ਰਬੰਧ ਕਰਨ ਲਈ ਕਦਮ ਚੁੱਕਣ ਤੋਂ ਰੋਕਦੇ ਹਨ, ਜਿਵੇਂ ਕਿ ਸੁਰੱਖਿਆ ਪ੍ਰਾਪਤ ਵਿਅਕਤੀ ਲਈ ਪਾਸਪੋਰਟ ਲਈ ਅਰਜ਼ੀ ਦੇਣਾ, ਫਲਾਈਟਾਂ ਬੁੱਕ ਕਰਨਾ, ਸੈਲੀਬ੍ਰੈਂਟ (ਵਿਆਹ ਕਰਵਾਉਣ ਵਾਲੇ) ਦੀ ਸੇਵਾ ਲੈਣਾ, ਜਾਂ ਵਿਆਹ ਕਰਨ ਦੇ ਇਰਾਦੇ ਦਾ ਨੋਟਿਸ ਪੂਰਾ ਕਰਨਾ
- ਜਵਾਬਦੇਹ ਨੂੰ ਕਿਸੇ ਵਿਅਕਤੀ ਨੂੰ ਜ਼ਬਰਨ ਵਿਆਹ ਵਿੱਚ ਬਣੇ ਰਹਿਣ ਲਈ ਮਜ਼ਬੂਰ ਕਰਨ, ਮਜ਼ਬੂਰ ਕਰਨ ਦੀ ਕੋਸ਼ਿਸ਼ ਕਰਨ ਜਾਂ ਦਬਾਅ ਪਾਉਣ ਤੋਂ ਰੋਕਦਾ ਹੈ
- ਜਵਾਬਦੇਹ ਨੂੰ ਸੁਰੱਖਿਆ ਪ੍ਰਾਪਤ ਵਿਅਕਤੀ ਨੂੰ ਆਸਟ੍ਰੇਲੀਆ ਤੋਂ ਬਾਹਰ ਲਿਜਾਣ ਤੋਂ ਰੋਕਦਾ ਹੈ
- ਅਸਧਾਰਨ ਹਾਲਤਾਂ ਅਤੇ ਮਨੁੱਖੀ ਅਧਿਕਾਰਾਂ ਦੇ ਸੰਬੰਧ ਵਿੱਚ ਵਿਚਾਰਨਯੋਗ ਗੱਲਾਂ ਦਾ ਸੰਤੁਲਨ ਕਰਕੇ, ਸੁਰੱਖਿਆ ਪ੍ਰਾਪਤ ਵਿਅਕਤੀ ਨੂੰ ਅੰਤਰਰਾਸ਼ਟਰੀ ਯਾਤਰਾ ਕਰਨ ਤੋਂ ਰੋਕਦਾ ਹੈ

- ਅਸਧਾਰਨ ਹਾਲਤਾਂ ਅਤੇ ਮਨੁੱਖੀ ਅਧਿਕਾਰਾਂ ਦੇ ਸੰਬੰਧ ਵਿੱਚ ਵਿਚਾਰਨਯੋਗ ਗੱਲਾਂ ਦਾ ਸੰਤੁਲਨ ਕਰਕੇ, ਸੁਰੱਖਿਆ ਪ੍ਰਾਪਤ ਵਿਅਕਤੀ ਦਾ ਪਾਸਪੋਰਟ ਅਦਾਲਤ ਨੂੰ ਸੌਂਪਣ ਦੀ ਮੰਗ ਕਰਦਾ ਹੈ
- ਜ਼ਬਰਨ ਵਿਆਹ ਦੇ ਉਦੇਸ਼ ਲਈ ਵਿਦੇਸ਼ ਲਿਜਾਏ ਗਏ ਕਿਸੇ ਵਿਅਕਤੀ ਦੀ ਵਾਪਸੀ ਦਾ ਸਮਰਥਨ ਕਰਦਾ ਹੈ, ਜਿਸ ਵਿੱਚ ਜਵਾਬਦੇਹ ਨੂੰ ਇੱਕ ਨਿਰਧਾਰਤ ਢੰਗ ਨਾਲ ਸੁਰੱਖਿਆ ਪ੍ਰਾਪਤ ਵਿਅਕਤੀ ਨੂੰ ਵਾਪਸ ਲਿਆਉਣ ਵਿੱਚ ਸਹਾਇਤਾ ਕਰਨ ਦੀ ਲੋੜ ਸ਼ਾਮਿਲ ਹੈ (ਜਿਵੇਂ ਕਿ ਸੁਰੱਖਿਆ ਪ੍ਰਾਪਤ ਵਿਅਕਤੀ ਲਈ ਆਸਟ੍ਰੇਲੀਆ ਵਾਪਸ ਆਉਣ ਲਈ ਫਲਾਈਟਾਂ ਬੁੱਕ ਕਰਨਾ)
- ਜਵਾਬਦੇਹ ਤੋਂ ਸੁਰੱਖਿਆ ਪ੍ਰਾਪਤ ਵਿਅਕਤੀ ਦੇ ਮੌਜੂਦਾ ਟਿਕਾਣੇ ਦਾ ਖੁਲਾਸਾ ਕਰਨ ਦੀ ਮੰਗ ਕਰਦਾ ਹੈ।
- ਜਵਾਬਦੇਹ ਨੂੰ ਕਿਸੇ ਹੋਰ ਵਿਅਕਤੀ ਨੂੰ ਅਜਿਹੇ ਵਿਵਹਾਰ ਨੂੰ ਕਰਨ ਲਈ ਮਜ਼ਬੂਰ ਕਰਨ, ਮੱਦਦ ਕਰਨ ਜਾਂ ਉਕਸਾਉਣ ਤੋਂ ਰੋਕਦਾ ਹੈ ਜੋ ਇਸ ਆਦੇਸ਼ ਦੁਆਰਾ ਵਰਜਿਤ ਹੈ।
- ਜਵਾਬਦੇਹ ਨੂੰ ਖ਼ਾਸ ਕਾਰਵਾਈਆਂ ਜਾਂ ਕਿਸੇ ਤਰ੍ਹਾਂ ਦੇ ਨੁਕਸਾਨ ਪਹੁੰਚਾਉਣ ਤੋਂ ਰੋਕਦਾ ਹੈ।

ਉੱਪਰ ਸੁਝਾਅ ਦਿੱਤਾ ਗਿਆ ਦਾਇਰਾ ਲੋਕਾਂ ਦੇ ਜੀਵਨ ਦੇ ਹੋਰ ਪਹਿਲੂਆਂ 'ਤੇ ਅਸਰ ਪਾ ਸਕਦਾ ਹੈ ਅਤੇ ਆਸਟ੍ਰੇਲੀਆਈ ਸਰਕਾਰਾਂ ਕਿਸੇ ਅਣਜਾਣੇ ਨਤੀਜਿਆਂ ਤੋਂ ਬਚਣ ਲਈ ਇਨ੍ਹਾਂ ਮੁੱਦਿਆਂ 'ਤੇ ਵਿਚਾਰ ਕਰ ਰਹੀਆਂ ਹਨ। ਉਦਾਹਰਨ ਲਈ:

- ਕਿਸੇ ਵਿਅਕਤੀ ਦੇ ਵੀਜ਼ਾ ਪ੍ਰਬੰਧ ਉਹਨਾਂ ਦੇ ਜੀਵਨਸਾਥੀ ਜਾਂ ਪਰਿਵਾਰ ਦੀ ਵੀਜ਼ਾ ਸਥਿਤੀ ਨਾਲ ਜੁੜੇ ਹੋਏ ਹੋ ਸਕਦੇ ਹਨ ਅਤੇ ਸੁਰੱਖਿਆ ਆਦੇਸ਼ ਜਾਰੀ ਕਰਨ ਨਾਲ ਸਪਾਂਸਰ ਕਰਨ ਵਾਲਾ ਵਿਅਕਤੀ ਪੀੜਤ ਅਤੇ ਬਚਣ ਵਾਲੇ ਦੇ ਵੀਜ਼ੇ ਲਈ ਸਮਰਥਨ ਹਟਾ ਸਕਦਾ ਹੈ।
- ਸੁਰੱਖਿਆ ਆਦੇਸ਼ ਜਾਰੀ ਕਰਨ ਨਾਲ ਪੀੜਤ ਅਤੇ ਬਚਣ ਵਾਲੇ ਦੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਨੁਕਸਾਨ ਪਹੁੰਚਣ ਦਾ ਖ਼ਤਰਾ ਵੱਧ ਸਕਦਾ ਹੈ, ਕਿਉਂਕਿ ਅਪਰਾਧੀ ਪੀੜਤ ਅਤੇ ਬਚਣ ਵਾਲੇ ਵਿਅਕਤੀ ਨੂੰ ਬਾਕੀ ਦੇ ਪਰਿਵਾਰਕ ਮੈਂਬਰਾਂ ਜਿਵੇਂ ਕਿ ਭੈਣ-ਭਰਾ ਰਾਹੀਂ ਵਿਆਹ ਕਰਵਾਉਣ ਲਈ ਹੋਰ ਦਬਾਅ ਪਾਉਣ ਦੀ ਕੋਸ਼ਿਸ਼ ਕਰ ਸਕਦਾ ਹੈ।

**ਸਲਾਹ-ਮਸ਼ਵਰੇ ਦੇ ਸਵਾਲ**

12. ਕੀ ਉੱਪਰ ਸੂਚੀਬੱਧ ਸੁਝਾਅ ਦਿੱਤੀਆਂ ਸੁਰੱਖਿਆਵਾਂ ਬੱਚਿਆਂ ਸਮੇਤ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਨੂੰ ਦਰਪੇਸ਼ ਆਉਂਦੇ ਸਭ ਤੋਂ ਆਮ ਅਤੇ ਮਹੱਤਵਪੂਰਨ ਜ਼ੋਖਮਾਂ ਅਤੇ ਨੁਕਸਾਨਾਂ ਨੂੰ ਹੱਲ ਕਰਦੀਆਂ ਹਨ? ਜੇ ਨਹੀਂ, ਤਾਂ ਹੋਰ ਕੀ ਹੱਲ ਕੀਤਾ ਜਾਣਾ ਚਾਹੀਦਾ ਹੈ?
13. ਕੀ ਸੁਝਾਅ ਦਿੱਤੀਆਂ ਸੁਰੱਖਿਆਵਾਂ ਦੇ ਕੋਈ ਹੋਰ ਜ਼ੋਖਮ ਜਾਂ ਅਣਚਾਹੇ ਸਿੱਟੇ ਹਨ ਜਿਨ੍ਹਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ?

### *ਬਿਨੈਕਾਰ*

ਪੀੜਤ ਅਤੇ- ਬਚਣ ਵਾਲੇ ਵਿਅਕਤੀ ਕਈ ਕਾਰਨਾਂ ਕਰਕੇ ਸਿਵਲ ਸੁਰੱਖਿਆ ਆਦੇਸ਼ ਲਈ ਅਰਜ਼ੀ ਦੇਣ ਤੋਂ ਝਿਜਕਦੇ ਜਾਂ ਅਸਮਰੱਥ ਹੋ ਸਕਦੇ ਹਨ, ਜਿਸ ਵਿੱਚ ਉਮਰ ਅਤੇ ਹੋਰ ਰੁਕਾਵਟਾਂ ਜਿਵੇਂ ਕਿ ਸੱਭਿਆਚਾਰਕ ਅਤੇ ਭਾਸ਼ਾ ਦੀਆਂ ਰੁਕਾਵਟਾਂ ਸ਼ਾਮਿਲ ਹਨ। ਇਸ ਨੂੰ ਹੱਲ ਕਰਨ ਲਈ, ਇਹ ਸੁਝਾਅ ਦਿੱਤਾ ਗਿਆ ਹੈ ਕਿ ਪੀੜਤ ਅਤੇ ਬਚਣ ਵਾਲੇ ਵਿਅਕਤੀ ਦੀ ਤਰਫ਼ੋਂ ਸਿਵਲ ਸੁਰੱਖਿਆ ਦੇ ਆਦੇਸ਼ ਲੈਣ ਲਈ ਕਈ ਲੋਕਾਂ ਨੂੰ ਅਰਜ਼ੀ ਦੇਣ ਦੀ ਆਗਿਆ ਦਿੱਤੀ ਜਾਵੇ। ਸੰਭਾਵੀ ਬਿਨੈਕਾਰਾਂ ਵਿੱਚ ਇਹ ਲੋਕ ਸ਼ਾਮਿਲ ਹੋ ਸਕਦੇ ਹਨ:

- ਉਹ ਵਿਅਕਤੀ ਜੋ ਜ਼ਬਰਨ ਵਿਆਹ ਵਿੱਚ ਫਸਿਆ ਹੋਇਆ ਹੈ ਜਾਂ ਫਸਣ ਦੇ ਖ਼ਤਰੇ ਵਿੱਚ ਹੈ,
- ਬੱਚੇ ਦੀ ਤਰਫੋਂ ਮਾਤਾ-ਪਿਤਾ ਜਾਂ ਸਰਪ੍ਰਸਤ
- 18 ਸਾਲ ਤੋਂ ਵੱਧ ਉਮਰ ਦੇ ਫ਼ੈਸਲੇ ਲੈਣ ਦੀ ਬੌਧਿਕ ਅਯੋਗਤਾ ਵਾਲੇ ਕਿਸੇ ਵਿਅਕਤੀ ਦੀ ਤਰਫ਼ੋਂ ਇੱਕ ਸਰਪ੍ਰਸਤ
- ਪੁਲਿਸ ਅਫ਼ਸਰ
- ਬਾਲ ਸੁਰੱਖਿਆ ਏਜੰਸੀਆਂ, ਅਤੇ
- ਨਿਰਧਾਰਤ ਭਾਈਚਾਰਕ ਸੰਸਥਾਵਾਂ, ਸੇਵਾ ਪ੍ਰਦਾਤਾ ਅਤੇ/ਜਾਂ ਹੋਰ ਗ਼ੈਰ-ਸਰਕਾਰੀ ਸੰਸਥਾਵਾਂ

ਇਸ ਦੇ ਨਾਲ ਹੀ, ਅਜਿਹੇ ਪ੍ਰਬੰਧਾਂ 'ਤੇ ਵਿਚਾਰ ਕਰਨਾ ਵੀ ਫ਼ਾਇਦੇਮੰਦ ਹੋ ਸਕਦਾ ਹੈ ਜੋ ਅਦਾਲਤ ਦੀ ਇਜਾਜ਼ਤ ਨਾਲ, ਕਿਸੇ ਤੀਜੀ ਧਿਰ ਨੂੰ ਅਰਜ਼ੀ ਅੱਗੇ ਲਿਆਉਣ ਦੀ ਇਜਾਜ਼ਤ ਦਿੰਦੇ ਹਨ। ਜਦੋਂ ਕਿ ਕਈ ਬਿਨੈਕਾਰਾਂ ਦੇ ਹੋਣ ਨਾਲ ਸਿਵਲ ਸੁਰੱਖਿਆ ਪ੍ਰਾਪਤ ਕਰਨ ਲਈ ਵਧੇਰੇ ਪਹੁੰਚਯੋਗ ਰਸਤੇ ਹੋਣਗੇ, ਉੱਥੇ ਇਸ ਨਾਲ ਕੁੱਝ ਜ਼ੋਖਮ ਵੀ ਹੋ ਸਕਦੇ ਹਨ, ਜਿਵੇਂ ਕਿ ਅਦਾਲਤ ਲਈ ਇਹ ਤੈਅ ਕਰਨਾ ਮੁਸ਼ਕਲ ਹੋ ਸਕਦਾ ਹੈ ਕਿ ਬਿਨੈਕਾਰ ਪੀੜਤ ਅਤੇ ਬਚਣ ਵਾਲੇ ਵਿਅਕਤੀ ਦੇ ਸਰਵੋਤਮ ਹਿੱਤਾਂ ਵਿੱਚ ਕੰਮ ਕਰ ਰਿਹਾ ਹੈ ਜਾਂ ਨਹੀਂ।

ਅਦਾਲਤਾਂ ਹੋਰ ਕਾਰਵਾਈਆਂ ਦੇ ਦੌਰਾਨ, ਜੇਕਰ ਢੁੱਕਵਾਂ ਹੋਵੇ ਤਾਂ ਬਿਨਾਂ ਅਰਜ਼ੀ ਦਿੱਤੇ ਤੋਂ ਆਪਣੀ ਖੁਦ ਦੀ ਸਮਝ ਅਨੁਸਾਰ ਕਾਰਵਾਈ ਦਾ ਆਦੇਸ਼ ਦੇਣ ਦੇ ਯੋਗ ਹੋ ਸਕਦੀਆਂ ਹਨ।

**ਸਲਾਹ-ਮਸ਼ਵਰੇ ਦੇ ਸਵਾਲ**

14. ਕੀ ਇੱਥੇ ਕੋਈ ਹੋਰ ਵਧੀਕ ਵਿਅਕਤੀ ਜਾਂ ਸੰਸਥਾਵਾਂ ਹਨ ਜੋ ਜ਼ਬਰਨ ਵਿਆਹ ਲਈ ਸਿਵਲ ਸੁਰੱਖਿਆ ਦੇ ਆਦੇਸ਼ ਲਈ ਅਰਜ਼ੀ ਦੇਣ ਦੇ ਯੋਗ ਹੋਣੇ ਚਾਹੀਦੇ ਹਨ? ਜੇ ਹਾਂ, ਤਾਂ ਕੌਣ ਅਤੇ ਕਿਉਂ?
15. ਕੀ ਕਿਸੇ ਖ਼ਾਸ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਸੁਰੱਖਿਆ ਆਦੇਸ਼ ਲੈਣ ਲਈ ਅਰਜ਼ੀ ਦੇਣ ਦੀ ਯੋਗਤਾ ਦੇਣ ਨਾਲ ਕੋਈ ਜ਼ੋਖਮ ਜੁੜੇ ਹੋਏ ਹਨ? ਜੇ ਹਾਂ, ਤਾਂ ਇਹ ਜ਼ੋਖਮ ਕੀ ਹਨ ਅਤੇ ਇਨ੍ਹਾਂ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ?

### *ਜਵਾਬਦੇਹ*

ਜਵਾਬਦੇਹ ਉਹ ਵਿਅਕਤੀ ਹੁੰਦਾ ਹੈ ਜਿਸ ਖਿਲਾਫ਼ ਸਿਵਲ ਸੁਰੱਖਿਆ ਆਦੇਸ਼ ਜਾਰੀ ਕੀਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਇਹ ਉਹ ਵਿਅਕਤੀ ਹੈ ਜਿਸਨੂੰ ਆਦੇਸ਼ ਦੇ ਅਨੁਸਾਰ ਕੰਮ ਕਰਨ ਲਈ ਆਪਣਾ ਵਿਵਹਾਰ ਬਦਲਣਾ ਪਵੇਗਾ। ਨਿਆਂ-ਅਧਿਕਾਰ ਖੇਤਰਾਂ ਦੇ ਇਸ ਬਾਰੇ ਵੱਖੋ-ਵੱਖਰੇ ਨਿਯਮ ਹਨ ਕਿ ਸਿਵਲ ਸੁਰੱਖਿਆ ਆਦੇਸ਼ਾਂ ਦੀਆਂ ਅਰਜ਼ੀਆਂ ਵਿੱਚ ਕੌਣ ਜਵਾਬਦੇਹ ਹੋ ਸਕਦਾ ਹੈ। ਉਦਾਹਰਨ ਲਈ, ਕੁੱਝ ਨਿਆਂ-ਅਧਿਕਾਰ ਖੇਤਰਾਂ ਦੇ ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚੇ ਸਿਰਫ਼ ਨਜ਼ਦੀਕੀ ਪਰਿਵਾਰਕ ਮੈਂਬਰਾਂ ਜਾਂ ਗੂੜ੍ਹ-ਸੰਬੰਧਾਂ ਵਾਲੇ ਸਾਥੀਆਂ ਦੇ ਖਿਲਾਫ਼ ਹੀ ਆਦੇਸ਼ ਦੇਣ ਦੀ ਆਗਿਆ ਦਿੰਦੇ ਹਨ। *ਫੈਮਿਲੀ ਲਾਅ ਐਕਟ 1975 (Cth)* ਦੇ ਤਹਿਤ ਪੇਰੈਂਟਿੰਗ ਆਰਡਰ ਕਿਸੇ ਵੀ ਵਿਅਕਤੀ ਦੇ ਖਿਲਾਫ਼ ਹਿਦਾਇਤਾਂ ਜਾਰੀ ਕਰਨ ਦੀ ਇਜਾਜ਼ਤ ਦਿੰਦੇ ਹਨ, ਜੇਕਰ ਅਦਾਲਤ ਬੱਚੇ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਇਸਨੂੰ ਉਚਿਤ ਸਮਝਦੀ ਹੈ।

ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਮਜ਼ਬੂਤ ਕਰਨ ਲਈ, ਆਸਟ੍ਰੇਲੀਆਈ ਸਰਕਾਰਾਂ ਇਸ ਗੱਲ 'ਤੇ ਵਿਚਾਰ ਕਰ ਰਹੀਆਂ ਹਨ ਕਿ ਕੀ ਜਵਾਬਦੇਹ ਵਿਅਕਤੀਆਂ ਨੂੰ ਪਰਿਭਾਸ਼ਿਤ ਕਰਨਾ ਉਚਿਤ ਹੋਵੇਗਾ ਜਾਂ ਅਦਾਲਤ ਨੂੰ ਆਦੇਸ਼ ਦੇਣ ਲਈ ਆਪਣੀ ਸਮਝ ਦੀ ਵਰਤੋਂ ਕਰਨ ਦੇਣਾ ਉਚਿਤ ਹੋਵੇਗਾ ਜੋ ਕਿਸੇ ਵੀ ਵਿਅਕਤੀ 'ਤੇ ਲਾਗੂ ਹੋ ਸਕਦੇ ਹਨ ਜਿਸ ਬਾਰੇ ਅਦਾਲਤ ਉਚਿਤ ਸਮਝਦੀ ਹੈ। ਜ਼ਬਰਨ ਵਿਆਹ ਦੇ ਮਾਮਲਿਆਂ ਵਿੱਚ, ਜ਼ੋਖਮ ਪੈਦਾ ਕਰਨ ਵਾਲਾ ਵਿਅਕਤੀ ਸ਼ਾਇਦ ਪਰਿਵਾਰਕ ਮੈਂਬਰ ਨਾ ਹੋਵੇ। ਉਦਾਹਰਨ ਲਈ, ਹੋਣ ਵਾਲਾ ਜੀਵਨਸਾਥੀ ਜਾਂ ਭਾਈਚਾਰੇ ਦਾ ਕੋਈ ਮੈਂਬਰ ਕਿਸੇ ਵਿਅਕਤੀ ਨੂੰ ਵਿਆਹ ਲਈ ਮਜ਼ਬੂਰ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ।

ਸੰਭਾਵੀ ਜਵਾਬਦੇਹਾਂ ਵਿੱਚ ਇਹ ਲੋਕ ਸ਼ਾਮਿਲ ਹੋ ਸਕਦੇ ਹਨ:

- ਪਰਿਵਾਰਕ ਮੈਂਬਰ, ਜਿਸ ਵਿੱਚ ਮਾਪੇ ਅਤੇ ਸੰਯੁਕਤ ਪਰਿਵਾਰ ਦੇ ਮੈਂਬਰ ਵੀ ਸ਼ਾਮਿਲ ਹਨ
- ਉਸ ਵਿਅਕਤੀ ਦਾ ਹੋਣ ਵਾਲਾ ਜੀਵਨਸਾਥੀ ਜੋ ਜ਼ਬਰਨ ਵਿਆਹ ਕਰਵਾਏ ਜਾਣ ਦੇ ਖ਼ਤਰੇ ਵਿੱਚ ਹੈ
- ਵਿਆਹ ਕਰਵਾਉਣ ਵਾਲਾ ਸੈਲੀਬ੍ਰੈਂਟ, ਜਿਸ ਵਿੱਚ ਧਾਰਮਿਕ, ਸੱਭਿਆਚਾਰਕ ਜਾਂ ਕਾਨੂੰਨੀ ਸਮਾਗਮ ਕਰਵਾਉਣ ਵਾਲੇ ਸੈਲੀਬ੍ਰੈਂਟ ਵੀ ਸ਼ਾਮਿਲ ਹੁੰਦੇ ਹਨ
- ਉਹ ਹੋਰ ਵਿਅਕਤੀ ਜੋ ਕਿਸੇ ਵਿਅਕਤੀ ਨੂੰ ਵਿਆਹ ਕਰਵਾਉਣ ਲਈ ਮਜ਼ਬੂਰ ਕਰਨ ਵਿੱਚ ਸ਼ਾਮਿਲ ਹੁੰਦੇ ਹਨ, ਜਿਸ ਵਿੱਚ ਉਹ ਜ਼ਬਰਨ ਵਿਆਹ ਕਰਵਾਉਣ ਲਈ ਮਜ਼ਬੂਰ ਕਰ ਰਹੇ, ਮਜ਼ਬੂਰ ਕਰਨ ਦੀ ਕੋਸ਼ਿਸ਼ ਕਰ ਰਹੇ, ਸਹਾਇਤਾ ਕਰ ਰਹੇ ਜਾਂ ਉਕਸਾਉਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ।

**ਸਲਾਹ-ਮਸ਼ਵਰੇ ਦੇ ਸਵਾਲ**

16. ਕੀ ਇਸ ਗੱਲ 'ਤੇ ਕੋਈ ਰੋਕਾਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ ਕਿ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਲਈ ਕੌਣ ਜਵਾਬਦੇਹ ਹੋ ਸਕਦਾ ਹੈ? ਜੇਕਰ ਹਾਂ, ਤਾਂ ਉਹਨਾਂ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਜਾਣਾ ਚਾਹੀਦਾ ਹੈ (ਜਿਵੇਂ ਕਿ ਸਿਰਫ਼ ਪਰਿਵਾਰਕ ਮੈਂਬਰ)?

*ਪੀੜਤ ਅਤੇ ਬਚਣ ਵਾਲੇ ਦੀ ਆਪਣੀ ਮਰਜ਼ੀ*

ਪੀੜਤ -ਅਤੇ ਬਚਣ ਵਾਲੇ ਦੀਆਂ ਇੱਛਾਵਾਂ ਨੂੰ ਧਿਆਨ ਵਿੱਚ ਰੱਖਣਾ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੋਵੇਗਾ ਕਿ ਉਹ ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਲਈ ਅਰਜ਼ੀ ਦੇਣ ਅਤੇ ਜਾਰੀ ਕਰਨ ਨਾਲ ਜੁੜੀਆਂ ਪ੍ਰਕਿਰਿਆਵਾਂ ਦੁਆਰਾ ਆਪਣੀ ਮਰਜ਼ੀ ਦੀ ਵਰਤੋਂ ਕਰਨ ਦੇ ਯੋਗ ਹਨ। ਇਹ ਖ਼ਾਸ ਤੌਰ 'ਤੇ ਕਿਸੇ ਵੀ ਉਨ੍ਹਾਂ ਆਦੇਸ਼ਾਂ ਲਈ ਢੁੱਕਵਾਂ ਹੋਵੇਗਾ ਜਿਹੜੇ ਪੀੜਤ ਅਤੇ -ਬਚਣ ਵਾਲੇ ਵਿਅਕਤੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀ ਨੂੰ ਪ੍ਰਭਾਵਿਤ ਕਰ ਸਕਦੇ ਹਨ - ਉਦਾਹਰਨ ਲਈ, ਕਿਸੇ ਵਿਅਕਤੀ ਨੂੰ ਜ਼ਬਰਨ ਵਿਆਹ ਕਰਨ ਦੇ ਉਦੇਸ਼ ਨਾਲ ਵਿਦੇਸ਼ ਲਿਜਾਣ ਤੋਂ ਰੋਕਣਾ।

ਅਜਿਹੇ ਉਦਾਹਰਨ ਵੀ ਹੋ ਸਕਦੇ ਹਨ ਕਿ ਜਿੱਥੇ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ 'ਤੇ ਪਰਿਵਾਰ ਜਾਂ ਜਾਂ ਭਾਈਚਾਰੇ ਦੇ ਮੈਂਬਰਾਂ ਦੁਆਰਾ ਇਹ ਕਹਿਣ ਲਈ ਦਬਾਅ ਪਾਇਆ ਜਾ ਸਕਦਾ ਹੈ ਕਿ ਉਹ ਸਿਵਲ ਸੁਰੱਖਿਆ ਆਦੇਸ਼ਾਂ ਨਾਲ ਸਹਿਮਤ ਨਹੀਂ ਹਨ ਜਾਂ ਲੈਣਾ ਨਹੀਂ ਚਾਹੁੰਦੇ ਹਨ, ਅਤੇ ਇਹ ਮਹੱਤਵਪੂਰਨ ਹੈ ਕਿ ਇਹਨਾਂ ਮਾਮਲਿਆਂ ਵਿੱਚ ਪੀੜਤ ਅਤੇ ਬਚਣ ਵਾਲਿਆਂ ਨੂੰ ਸਹਾਇਤਾ ਅਤੇ ਸੁਰੱਖਿਆ ਦਿੱਤੀ ਜਾਵੇ।

ਇਨ੍ਹਾਂ ਚਿੰਤਾਵਾਂ ਨੂੰ ਦੂਰ ਕਰਨ ਲਈ, ਇਹ ਸੁਝਾਅ ਦਿੱਤਾ ਗਿਆ ਹੈ ਕਿ ਆਦੇਸ਼ ਜਾਰੀ ਕਰਨ ਵੇਲੇ ਪ੍ਰਬੰਧ ਅਦਾਲਤ ਨੂੰ ਸੁਰੱਖਿਆ ਪ੍ਰਾਪਤ ਵਿਅਕਤੀ ਦੀਆਂ ਇੱਛਾਵਾਂ ਅਤੇ ਭਾਵਨਾਵਾਂ ਦਾ ਧਿਆਨ ਰੱਖਣ ਦੀ ਆਗਿਆ ਦਿੰਦੇ ਹਨ। ਇਹ ਸੁਰੱਖਿਅਤ ਵਿਅਕਤੀ ਦੀ ਆਪਣੀ ਮਰਜ਼ੀ ਨੂੰ ਪਹਿਲ ਦਿੰਦਾ ਹੈ, ਨਾਲ ਹੀ ਇਹ ਵੀ ਪਛਾਣਦਾ ਹੈ ਕਿ ਜ਼ਬਰਨ ਵਿਆਹ ਦਾ ਸਾਹਮਣਾ ਕਰਨ ਵਾਲੇ ਵਿਅਕਤੀ ਨੂੰ ਸੰਭਾਵੀ ਤੌਰ 'ਤੇ ਬਹੁਤ ਜ਼ਿਆਦਾ ਮਨੋਵਿਗਿਆਨਕ ਦਬਾਅ ਅਤੇ ਜ਼ਬਰਦਸਤੀ ਬਰਦਾਸ਼ਤ ਕਰਨੀ ਪੈਂਦੀ ਹੈ।

**ਸਲਾਹ-ਮਸ਼ਵਰੇ ਦੇ ਸਵਾਲ**

17. ਪੀੜਤਾਂ ਅਤੇ ਬਚਣ ਵਾਲੇ ਲੋਕਾਂ 'ਤੇ ਆਦੇਸ਼ ਛੱਡਣ ਲਈ ਦਬਾਅ ਪਾਏ ਜਾਣ ਦੇ ਖ਼ਤਰੇ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ?
18. ਬੱਚਿਆਂ ਸਮੇਤ ਪੀੜਤਾਂ ਅਤੇ ਬਚਣ ਵਾਲਿਆਂ ਦੇ ਵਿਚਾਰਾਂ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਜਾਣਿਆ ਅਤੇ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਦੇ ਆਦੇਸ਼ ਜਾਰੀ ਕਰਨ ਅਤੇ ਸੁਣਵਾਈ ਦੀ ਪ੍ਰਕਿਰਿਆ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ?

*ਕਾਨੂੰਨੀ ਪ੍ਰਕਿਰਿਆ ਦੌਰਾਨ ਅਦਾਲਤੀ ਸੁਰੱਖਿਆ ਅਤੇ ਸਹਾਇਤਾ*

ਮੌਜੂਦਾ ਸਮੇਂ ਵਿੱਚ, ਨਿਆਂ-ਅਧਿਕਾਰ ਖੇਤਰਾਂ ਵਿੱਚ ਪਰਿਵਾਰਕ ਅਤੇ ਘਰੇਲੂ ਹਿੰਸਾ ਪ੍ਰਣਾਲੀਆਂ ਰਾਹੀਂ ਸੁਰੱਖਿਆਵਾਂ ਉਪਲਬਧ ਹਨ, ਜਿਸ ਵਿੱਚ ਸਿਵਲ ਸੁਰੱਖਿਆ ਆਦੇਸ਼ਾਂ ਲਈ ਅਰਜ਼ੀ ਦੇਣ ਵਾਲੇ ਜ਼ੋਖਮ ਗ੍ਰਸਤ ਲੋਕ ਜਾਂ ਵਿਸ਼ੇਸ਼ ਗਵਾਹ ਸ਼ਾਮਿਲ ਹਨ। ਇਹ ਸੁਝਾਅ ਹੈ ਕਿ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਨੂੰ ਹੋਰ ਜ਼ੋਖਮ ਗ੍ਰਸਤ ਗਵਾਹਾਂ ਵਾਂਗ ਹੀ ਅਦਾਲਤੀ ਸੁਰੱਖਿਆ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

ਅਦਾਲਤੀ ਸੁਰੱਖਿਆ ਗਵਾਹਾਂ ਨੂੰ ਡਰਨ ਤੋਂ ਬਚਾ ਸਕਦੀ ਹੈ ਅਤੇ ਉਹਨਾਂ ਦੀ ਸੁਰੱਖਿਆ ਅਤੇ ਭਲਾਈ ਦਾ ਸਮਰਥਨ ਕਰ ਸਕਦੀ ਹੈ। ਹਾਲਾਤਾਂ 'ਤੇ ਨਿਰਭਰ ਕਰਦੇ ਹੋਏ, ਇਨ੍ਹਾਂ ਸੁਰੱਖਿਆਵਾਂ ਵਿੱਚ ਇਹ ਸ਼ਾਮਿਲ ਹੋ ਸਕਦੀਆਂ ਹਨ:

- ਇਹ ਯਕੀਨੀ ਬਣਾਉਣ ਲਈ ਕੀਤੇ ਗਏ ਪ੍ਰਬੰਧ ਕਿ ਪੀੜਤ ਅਤੇ ਬਚਣ ਵਾਲੇ ਨੂੰ ਜਵਾਬਦੇਹ ਨੂੰ ਨਾ ਦੇਖਣਾ ਪਵੇ, ਉਦਾਹਰਨ ਲਈ ਸਕ੍ਰੀਨ ਦੀ ਵਰਤੋਂ ਕਰਕੇ ਜਾਂ ਆਡੀਓ-ਵਿਜ਼ੂਅਲ ਲਿੰਕ ਰਾਹੀਂ ਗਵਾਹੀ ਦੇ ਕੇ
- ਅਦਾਲਤ ਵਿੱਚ ਸਹਾਇਕ ਵਿਅਕਤੀ ਦਾ ਨਾਲ ਹੋਣਾ
- ਬੰਦ ਅਦਾਲਤ ਵਿੱਚ ਗਵਾਹੀ ਦੇਣਾ
- ਸਵੈ-ਨੁਮਾਇੰਦਗੀ ਕਰਨ ਵਾਲੇ ਜਵਾਬਦੇਹਾਂ ਦੁਆਰਾ ਸਵਾਲ-ਜਵਾਬ ਨਾ ਕੀਤੇ ਜਾਣਾ।

ਇਸ ਤੋਂ ਇਲਾਵਾ, ਪਰਿਵਾਰਕ ਕਾਨੂੰਨ ਦੇ ਨਿਆਂ-ਅਧਿਕਾਰ ਖੇਤਰ ਦੀ ਵਰਤੋਂ ਕਰਨ ਵਾਲੀਆਂ ਅਦਾਲਤਾਂ ਕੋਲ ਕੁੱਝ ਖ਼ਾਸ ਹਾਲਤਾਂ ਵਿੱਚ, ਬੱਚਿਆਂ ਨਾਲ ਜੁੜੇ ਮਾਮਲਿਆਂ ਵਿੱਚ ਬੱਚਿਆਂ ਦੇ ਸੁਤੰਤਰ ਵਕੀਲਾਂ (Independent Children's Lawyers) ਨੂੰ ਨਿਯੁਕਤ ਕਰਨ ਦੀ ਸਮਰੱਥਾ ਹੁੰਦੀ ਹੈ।

ਹੋਰ ਸੇਵਾਵਾਂ ਅਤੇ ਕਾਰਵਾਈਆਂ ਵੀ ਸਿਵਲ ਸੁਰੱਖਿਆ ਲਈ ਅਰਜ਼ੀ ਦੇਣ ਵਾਲੇ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਸਹਾਇਤਾ ਨੂੰ ਸੁਚਾਰੂ ਬਣਾਉਣ ਲਈ ਉਚਿਤ ਹੋ ਸਕਦੀਆਂ ਹਨ, ਜਿਸ ਵਿੱਚ ਸ਼ਾਮਿਲ ਹਨ:

- ਫਰੰਟਲਾਈਨ ਰਿਸਪੌਂਡਰਾਂ, ਕਾਨੂੰਨੀ ਕਰਮਚਾਰੀਆਂ, ਅਦਾਲਤਾਂ ਅਤੇ ਨਿਆਂਪਾਲਿਕਾ ਲਈ ਸਿੱਖਿਆ ਅਤੇ ਜਾਗਰੂਕਤਾ- ਪੈਦਾ ਕਰਨ ਵਾਲੀਆਂ ਗਤੀਵਿਧੀਆਂ (ਭਾਗ 2 ਦੇਖੋ)

- ਪੀੜਤਾਂ ਅਤੇ ਬਚਣ ਵਾਲਿਆਂ ਨੂੰ ਅਰਜ਼ੀਆਂ ਦੇਣ ਵਿੱਚ ਸਹਾਇਤਾ ਕਰਨ ਲਈ ਸਹਾਇਤਾ ਸੇਵਾਵਾਂ, ਜਿਸ ਵਿੱਚ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਭਾਈਚਾਰਿਆਂ ਦੇ ਪੀੜਤਾਂ ਅਤੇ ਬਚਣ ਵਾਲੇ ਸ਼ਾਮਿਲ ਹਨ
- ਜ਼ੋਖਮ ਵਿਚਲੇ ਵਾਲੇ ਲੋਕਾਂ ਨੂੰ ਸਰਕਾਰ ਵੱਲੋਂ ਮਾਲੀ ਸਹਾਇਤਾ ਪ੍ਰਾਪਤ ਸਹਾਇਤਾ ਸੇਵਾਵਾਂ ਲਈ ਭੇਜਣ ਦੇ ਰਸਤੇ ਜਿਵੇਂ ਕਿ FMSSP ਕੋਲ ਭੇਜਣ ਲਈ।

ਆਸਟ੍ਰੇਲੀਆਈ ਸਰਕਾਰਾਂ ਜ਼ਬਰਨ ਵਿਆਹ ਦੇ ਪੀੜਤਾਂ ਅਤੇ ਬਚਣ ਵਾਲਿਆਂ ਲਈ, ਜਦੋਂ ਉਹ ਕਾਨੂੰਨੀ ਪ੍ਰਣਾਲੀ ਨਾਲ ਜੁੜਦੇ ਹਨ, ਸਹਾਇਤਾਵਾਂ ਨੂੰ ਮਜ਼ਬੂਤਕਰਨ ਦੇ ਮੌਕਿਆਂ 'ਤੇ ਹੋਰ ਵਿਚਾਰ ਅਤੇ ਚਰਚਾ ਕਰਨ ਲਈ ਰਾਏ ਦੇਣ ਦਾ ਸੁਆਗਤ ਕਰਦੀਆਂ ਹਨ।

**ਸਲਾਹ-ਮਸ਼ਵਰੇ ਦੇ ਸਵਾਲ**

19. ਸਿਵਲ ਸੁਰੱਖਿਆ ਦੇ ਆਦੇਸ਼ ਲਈ ਅਰਜ਼ੀ ਪ੍ਰਕਿਰਿਆ ਦੌਰਾਨ ਉਨ੍ਹਾਂ ਦੀ ਸਹਾਇਤਾ ਕਰਨ ਲਈ ਬੱਚਿਆਂ ਸਮੇਤ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਹੋਰ ਕਿਹੜੀਆਂ ਸਹਾਇਤਾਵਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ? ਉਦਾਹਰਨ ਲਈ, ਅਰਜ਼ੀ ਪ੍ਰਕਿਰਿਆ ਦੌਰਾਨ ਵਧੀਕ ਸਹਾਇਤਾ, ਜਾਂ ਵਧੀਕ ਅਦਾਲਤੀ ਸੁਰੱਖਿਆਵਾਂ।

### *ਅਸਥਾਈ ਆਦੇਸ਼ ਅਤੇ ਇਕਪਾਸੜ ਸੁਣਵਾਈ*

ਅਸਥਾਈ ਅਤੇ ਇਕ-ਪਾਸੜ ਆਦੇਸ਼ ਦੂਜੀ ਧਿਰ ਨੂੰ ਨੋਟਿਸ ਦਿੱਤੇ ਬਿਨਾਂ, ਸਿਵਲ ਸੁਰੱਖਿਆ ਆਦੇਸ਼ਾਂ ਲਈ ਅਰਜ਼ੀਆਂ ਦੀ ਤੁਰੰਤ ਸੁਣਵਾਈ ਕਰਨ ਦੀ ਇਜਾਜ਼ਤ ਦਿੰਦੇ ਹਨ। ਉਹ ਆਮ ਤੌਰ 'ਤੇ ਸਮਾਂ-ਸੀਮਤ ਹੁੰਦੇ ਹਨ, ਜਦੋਂ ਤੱਕ ਆਮ ਅਦਾਲਤੀ ਪ੍ਰਕਿਰਿਆ ਦੁਆਰਾ ਅਰਜ਼ੀ ਦੀ ਸੁਣਵਾਈ ਨਹੀਂ ਕੀਤੀ ਜਾ ਸਕਦੀ, ਉਦੋਂ ਤੱਕ ਸੁਰੱਖਿਆਵਾਂ ਨੂੰ ਲਾਗੂ ਕਰਨ ਦੀ ਇਜਾਜ਼ਤ ਦਿੰਦੇ ਹਨ।

ਆਮ ਤੌਰ 'ਤੇ ਅਸਥਾਈ ਜਾਂ ਇਕਪਾਸੜ ਆਦੇਸ਼ ਜਾਰੀ ਕਰਨ ਦੀ ਜ਼ਿੰਮੇਵਾਰੀ ਅਦਾਲਤਾਂ ਦੀ ਹੁੰਦੀ ਹੈ। ਹਾਲਾਂਕਿ, ਸਾਰੇ ਨਿਆਂ-ਅਧਿਕਾਰ ਖੇਤਰਾਂ ਵਿੱਚ, ਪੁਲਿਸ ਅਧਿਕਾਰੀ ਕੁੱਝ ਖ਼ਾਸ ਹਾਲਾਤਾਂ ਵਿੱਚ ਅਸਥਾਈ ਆਦੇਸ਼ ਜਾਰੀ ਕਰਨ ਦੇ ਯੋਗ ਹੁੰਦੇ ਹਨ। ਉਦਾਹਰਨ ਲਈ, ਪੁਲਿਸ ਅਧਿਕਾਰੀ ਅਕਸਰ ਅਸਥਾਈ ਆਦੇਸ਼ ਜਾਰੀ ਕਰਨ ਜਾਂ ਟੈਲੀਫ਼ੋਨ ਰਾਹੀਂ ਅਸਥਾਈ ਆਦੇਸ਼ ਲਈ ਅਰਜ਼ੀ ਦੇਣ ਦੇ ਯੋਗ ਹੁੰਦੇ ਹਨ, ਤਾਂ ਜੋ ਸੁਰੱਖਿਆ ਪ੍ਰਾਪਤ ਵਿਅਕਤੀ ਦੀ ਤੁਰੰਤ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਜ਼ਬਰਨ ਵਿਆਹ ਦੇ ਪੀੜਤ -ਅਤੇ ਬਚਣ ਵਾਲੇ ਵਿਅਕਤੀਆਂ ਨੂੰ ਆਪਣੀ ਸੁਰੱਖਿਆ ਲਈ ਬਹੁਤ ਸਾਰੇ ਫੌਰੀ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿੱਚ ਆਸਟ੍ਰੇਲੀਆ ਤੋਂ ਬਾਹਰ ਲਿਜਾਣ-ਤਸਕਰੀ ਕੀਤੇ ਜਾਣ ਦਾ ਜ਼ੋਖਮ ਵੀ ਸ਼ਾਮਿਲ ਹੈ। ਇਸ ਲਈ, ਇਹ ਸੁਝਾਅ ਦਿੱਤਾ ਗਿਆ ਹੈ ਕਿ ਜੇਕਰ ਲੋੜ ਹੋਵੇ ਤਾਂ, ਅਦਾਲਤਾਂ ਦੁਆਰਾ ਜਾਰੀ ਕੀਤੇ ਅਸਥਾਈ ਅਤੇ/ਜਾਂ -ਇਕਪਾਸੜ ਆਦੇਸ਼ ਪੀੜਤ ਅਤੇ ਬਚਣ ਵਾਲੇ ਵਿਅਕਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੰਭਵ ਹੋਣੇ ਚਾਹੀਦੇ ਹਨ, ਜਦੋਂ ਤੱਕ ਸਿਵਲ ਸੁਰੱਖਿਆ ਆਦੇਸ਼ ਲਈ ਦਿੱਤੀ ਅਰਜ਼ੀ 'ਤੇ ਅਦਾਲਤ ਦੁਆਰਾ ਅੰਤਿਮ ਫ਼ੈਸਲਾ ਨਹੀਂ ਆ ਜਾਂਦਾ ਹੈ।

**ਸਲਾਹ-ਮਸ਼ਵਰੇ ਦੇ ਸਵਾਲ**

20. ਅਸਥਾਈ ਆਦੇਸ਼ ਦੇਣ ਲਈ ਕਿਹੜੇ ਆਧਾਰ ਢੁੱਕਵੇਂ ਹੋਣੇ ਚਾਹੀਦੇ ਹਨ ਜਿੱਥੇ ਕੋਈ ਵਿਅਕਤੀ ਜ਼ਬਰਨ ਵਿਆਹ ਵਿੱਚ ਫਸਿਆ ਹੋਇਆ ਜਾਂ ਫਸਣ ਦੇ ਖ਼ਤਰੇ ਵਿੱਚ ਹੈ?
21. ਕੀ ਅਸਥਾਈ ਆਦੇਸ਼ਾਂ ਨੂੰ ਆਦੇਸ਼ਾਂ ਦੇ ਸੁਝਾਅ ਦਿੱਤੇ ਦਾਇਰੇ (ਆਦੇਸ਼ਾਂ ਦੇ ਦਾਇਰੇ ਵਿੱਚ ਦੱਸੇ ਗਏ ਹਨ) ਵਿੱਚੋਂ ਕੁੱਝ ਪਰ ਸਾਰੇ ਸ਼ਾਮਿਲ ਨਾ ਕਰਨ ਤੱਕ ਸੀਮਤ ਹੋਣਾ ਚਾਹੀਦਾ ਹੈ? ਜੇਕਰ ਹਾਂ, ਤਾਂ ਕਿਹੜੀਆਂ ਸੁਰੱਖਿਆਵਾਂ ਸ਼ਾਮਿਲ ਜਾਂ ਬਾਹਰ ਰੱਖੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਕਿਉਂ?
22. ਕਿਸ ਕਿਸਮ ਦੇ ਸਬੂਤ ਜ਼ਬਰਨ ਵਿਆਹ ਦੇ ਜ਼ੋਖਮ ਵੱਲ ਇਸ਼ਾਰਾ ਕਰ ਸਕਦੇ ਹਨ ਅਤੇ ਅਸਥਾਈ ਆਦੇਸ਼ ਦੇ ਆਧਾਰਾਂ 'ਤੇ ਵਿਚਾਰ ਕਰਦੇ ਸਮੇਂ ਪੁਲਿਸ ਦੁਆਰਾ ਵਿਚਾਰੇ ਜਾ ਸਕਦੇ ਹਨ ਜਿੱਥੇ ਕੋਈ ਵਿਅਕਤੀ ਜ਼ਬਰਨ ਵਿਆਹ ਵਿੱਚ ਫਸਿਆ ਹੋਇਆ ਜਾਂ ਫਸਣ ਦੇ ਖ਼ਤਰੇ ਵਿੱਚ ਹੁੰਦਾ ਹੈ?

### *ਜਵਾਬਦੇਹ ਨੂੰ ਦਸਤਾਵੇਜ਼ ਸੌਂਪਣਾ, ਆਦੇਸ਼ ਲਾਗੂ ਕਰਨਾ ਅਤੇ ਉਲੰਘਣਾਵਾਂ*

ਆਸਟ੍ਰੇਲੀਆ ਵਿੱਚ ਸਿਵਲ ਸੁਰੱਖਿਆ ਆਦੇਸ਼ਾਂ ਨੂੰ ਜਵਾਬਦੇਹ ਨੂੰ ਸੌਂਪਣ ਲਈ ਆਮ ਤੌਰ 'ਤੇ ਪੁਲਿਸ ਅਧਿਕਾਰੀ ਜ਼ਿੰਮੇਵਾਰ ਹੁੰਦੇ ਹਨ। ਪੁਲਿਸ ਵੱਲੋਂ ਦਸਤਾਵੇਜ਼ ਸੌਂਪਣ ਨਾਲ ਇਹ ਯਕੀਨੀ ਬਣਾਉਣ ਵਿੱਚ ਉੱਚ ਪੱਧਰ ਦੀ ਭਰੋਸੇਯੋਗਤਾ ਮਿਲੇਗੀ ਕਿ ਜਵਾਬਦੇਹ ਨੂੰ ਆਦੇਸ਼ ਦੀ ਜਾਣਕਾਰੀ ਮਿਲ ਗਈ ਹੈ ਅਤੇ ਇਹ ਆਦੇਸ਼ ਦੀ ਪਾਲਣਾ, ਜਵਾਬਦੇਹੀ ਅਤੇ ਸੁਰੱਖਿਆ ਪ੍ਰਾਪਤ ਵਿਅਕਤੀ ਦੀ ਸੁਰੱਖਿਆ ਨੂੰ ਵਧਾਵੇਗਾ।

ਕੁੱਝ ਖ਼ਾਸ ਹਾਲਾਤਾਂ ਵਿੱਚ, ਆਦੇਸ਼ਾਂ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਜਵਾਬਦੇਹ ਨੂੰ ਸੌਂਪਣਾ ਵੀ ਉਚਿਤ ਹੋ ਸਕਦਾ ਹੈ। ਨਿਰਪੱਖ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਇਸ ਤਰੀਕੇ ਬਾਰੇ ਧਿਆਨ ਨਾਲ ਵਿਚਾਰ ਕਰਨ ਦੀ ਲੋੜ ਹੋਵੇਗੀ। ਉਦਾਹਰਨ ਦੇ ਤੌਰ 'ਤੇ, ਇਲੈਕਟ੍ਰਾਨਿਕ ਤੌਰ 'ਤੇ

ਭੇਜੇ ਗਏ ਆਦੇਸ਼ 'ਸਪੈਮ' ਵਿੱਚ ਗੁਆਚ ਸਕਦੇ ਹਨ, ਇੱਕ ਘੁਟਾਲੇ ਵਜੋਂ ਨਜ਼ਰਅੰਦਾਜ਼ ਕੀਤੇ ਜਾ ਸਕਦੇ ਹਨ, ਜਾਂ ਉਹਨਾਂ ਜਵਾਬਦੇਹਾਂ ਲਈ ਪਹੁੰਚਯੋਗ ਨਹੀਂ ਹੋ ਸਕਦੇ ਹਨ ਜਿਨ੍ਹਾਂ ਕੋਲ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ, ਜਾਂ ਜੋ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ ਹਨ ਜਾਂ ਜਿਨ੍ਹਾਂ ਦੀਆਂ ਹੋਰ ਅਪੰਗਤਾ ਪਹੁੰਚਯੋਗਤਾ ਲੋੜਾਂ ਹਨ।

ਜ਼ਬਰਨ ਵਿਆਹ ਦੇ ਆਦੇਸ਼ਾਂ ਨੂੰ ਸੰਬੰਧਿਤ ਪੁਲਿਸ ਏਜੰਸੀ ਦੁਆਰਾ ਲਾਗੂ ਕੀਤਾ ਜਾਵੇਗਾ। ਹਾਲਾਂਕਿ, ਜੇਕਰ ਮਜ਼ਬੂਤ ਕੀਤੀਆਂ ਸੁਰੱਖਿਆਵਾਂ ਨੂੰ ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੇ ਘਰੇਲੂ ਅਤੇ ਪਰਿਵਾਰਕ ਹਿੰਸਾ ਢਾਂਚਿਆਂ ਨਾਲ ਜੋੜਿਆ ਜਾਂਦਾ ਹੈ, ਤਾਂ ਆਸਟ੍ਰੇਲੀਆ ਤੋਂ ਬਾਹਰ ਯਾਤਰਾ ਕਰਨ ਬਾਰੇ ਪਾਬੰਦੀਆਂ ਅਤੇ ਆਸਟ੍ਰੇਲੀਆ ਤੋਂ ਬਾਹਰ ਕੀਤੀਆਂ ਕਾਰਵਾਈਆਂ ਨਾਲ ਸੰਬੰਧਿਤ ਆਦੇਸ਼ਾਂ 'ਤੇ ਹੋਰ ਵਿਚਾਰ ਕਰਨ ਦੀ ਲੋੜ ਹੋਵੇਗੀ ਕਿਉਂਕਿ ਅੰਤਰਰਾਸ਼ਟਰੀ ਨਿਆਂ-ਅਧਿਕਾਰ ਖੇਤਰ ਆਮ ਤੌਰ 'ਤੇ ਰਾਸ਼ਟਰੀ ਵਿਸ਼ਾ ਹੁੰਦਾ ਹੈ। ਇਹ ਇੱਕ ਮਹੱਤਵਪੂਰਨ ਪੇਚੀਦਗੀ ਹੈ ਜਿਸ ਬਾਰੇ ਆਸਟ੍ਰੇਲੀਆਈ ਸਰਕਾਰਾਂ ਹੋਰ ਵਿਚਾਰ ਕਰ ਰਹੀਆਂ ਹਨ।

ਸਾਰੇ ਆਸਟ੍ਰੇਲੀਆਈ ਨਿਆਂ-ਅਧਿਕਾਰ ਖੇਤਰਾਂ ਵਿੱਚ, ਸਿਵਲ ਸੁਰੱਖਿਆ ਆਦੇਸ਼ਾਂ ਦੀ ਉਲੰਘਣਾ ਕਰਨ 'ਤੇ ਅਪਰਾਧਿਕ ਸਜ਼ਾ ਲਾਗੂ ਹੁੰਦੀ ਹੈ। ਇਸੇ ਤਰ੍ਹਾਂ ਹੀ, ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿਚਲੇ ਲੋਕਾਂ ਲਈ ਸਿਵਲ ਸੁਰੱਖਿਆਵਾਂ ਦੀ ਉਲੰਘਣਾ ਕਰਨਾ ਇੱਕ ਅਪਰਾਧਿਕ ਜ਼ੁਰਮ ਹੋਵੇਗਾ।

**ਸਲਾਹ-ਮਸ਼ਵਰੇ ਦੇ ਸਵਾਲ**

23. ਕੀ ਕੋਈ ਅਜਿਹੇ ਹਾਲਾਤ ਹਨ ਜਿੱਥੇ ਆਦੇਸ਼ਾਂ ਨੂੰ ਨਿੱਜੀ ਤੌਰ 'ਤੇ ਸੌਂਪਣ ਦੀ ਲੋੜ ਨਹੀਂ ਹੋਣੀ ਚਾਹੀਦੀ (ਉਦਾਹਰਨ ਲਈ ਇਲੈਕਟ੍ਰਾਨਿਕ ਸੇਵਾ ਰਾਹੀਂ)? ਜੇਕਰ ਹਾਂ, ਤਾਂ ਉਹ ਹਾਲਾਤ ਕੀ ਹਨ?

### *ਹੋਰ ਉਪਾਅ*

ਇੱਥੇ ਹੋਰ ਉਪਾਅ ਵੀ ਹੋ ਸਕਦੇ ਹਨ ਜਿਨ੍ਹਾਂ ਨੂੰ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਅਤੇ ਉਪਾਅ ਪ੍ਰਦਾਨ ਕਰਨ ਦੀ ਮਿਸਾਲ ਵਿੱਚ ਵਿਚਾਰਿਆ ਜਾ ਸਕਦਾ ਹੈ। ਉਦਾਹਰਨ ਲਈ, ਜੋ ਲੋਕ ਜ਼ਬਰਨ ਵਿਆਹ ਵਿੱਚ ਫਸੇ ਹੋਏ ਹਨ, ਉਹਨਾਂ ਲਈ ਵਿਆਹ ਰੱਦ ਕਰਨ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

**ਸਲਾਹ-ਮਸ਼ਵਰੇ ਦੇ ਸਵਾਲ**

24. ਕੀ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਸਿਵਲ ਸੁਰੱਖਿਆਵਾਂ ਤੋਂ ਇਲਾਵਾ ਕੋਈ ਉਪਾਅ ਮੌਜੂਦ ਹਨ ਜਿਨ੍ਹਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ?
25. ਮੌਜੂਦਾ ਸਮੇਂ ਵਿੱਚ, ਕੀ ਜ਼ਬਰਨ ਵਿਆਹ ਦੇ ਪੀੜਤਾਂ ਅਤੇ ਬਚਣ ਵਾਲਿਆਂ ਨੂੰ ਆਪਣੇ ਜ਼ਬਰਨ ਵਿਆਹ ਨੂੰ ਰੱਦ ਕਰਨ ਦੀ ਘੋਸ਼ਣਾ ਲੈਣ ਦੇ ਸੰਬੰਧ ਵਿੱਚ ਕੋਈ ਰੁਕਾਵਟਾਂ ਜਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ? ਜੇਕਰ ਹਾਂ, ਤਾਂ ਇਹ ਰੁਕਾਵਟਾਂ ਜਾਂ ਮੁਸ਼ਕਲਾਂ ਕਿਵੇਂ ਹੱਲ ਕੀਤੀਆਂ ਜਾ ਸਕਦੀਆਂ ਹਨ?

## ਜ਼ੋਖਮ ਕਾਰਕ ਅਤੇ ਸਹਾਇਤਾ ਪ੍ਰਾਪਤ ਕਰਨ ਵਿੱਚ ਰੁਕਾਵਟਾਂ

ਜ਼ਬਰਨ ਵਿਆਹ ਕਿਸੇ ਸੱਭਿਆਚਾਰਕ ਸਮੂਹ, ਧਰਮ ਜਾਂ ਨਸਲ ਤੱਕ ਸੀਮਿਤ ਨਹੀਂ ਹੈ। ਹਾਲਾਂਕਿ, ਆਸਟ੍ਰੇਲੀਆ ਵਿੱਚ ਕੁੱਝ ਭਾਈਚਾਰਿਆਂ ਨੂੰ ਅਜਿਹੇ ਜ਼ੋਖਮ ਕਾਰਕਾਂ ਦਾ ਵਧੇਰੇ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਜ਼ਬਰਨ ਵਿਆਹ ਨਾਲ ਜੁੜੇ ਹੋਏ ਹੋ ਸਕਦੇ ਹਨ। ਇਨ੍ਹਾਂ ਵਿੱਚ ਹਾਲ ਹੀ ਵਿੱਚ ਹੋਇਆ ਉਜਾੜਾ, ਅਸਥਾਈ ਜਾਂ ਨਿਰਭਰ ਵੀਜ਼ਾ ਸਥਿਤੀ, ਭਾਸ਼ਾ ਦੀਆਂ ਰੁਕਾਵਟਾਂ ਜਾਂ ਭਾਈਚਾਰਕ ਸਹਾਇਤਾ ਅਤੇ ਨੈੱਟਵਰਕ ਦੀ ਘਾਟ ਸ਼ਾਮਿਲ ਹੋ ਸਕਦੀ ਹੈ।

ਜੋ ਲੋਕ ਜ਼ਬਰਨ ਵਿਆਹ ਵਿੱਚ ਫਸੇ ਹੋਏ ਅਤੇ ਫਸਣ ਦੇ ਜ਼ੋਖਮ ਵਿੱਚ ਹਨ ਜਾਂ ਉਹਨਾਂ ਨੂੰ ਸਹਾਇਤਾ ਤੱਕ ਪਹੁੰਚਣ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰੁਕਾਵਟਾਂ ਵਿੱਚ ਨਸਲਵਾਦ, ਭੇਦਭਾਵ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਸੇਵਾਵਾਂ ਤੱਕ ਪਹੁੰਚ ਹੋਣ ਦੀ ਘਾਟ ਅਤੇ/ਜਾਂ ਪਹੁੰਚਯੋਗ ਰਿਪੋਰਟਿੰਗ ਮਾਰਗਾਂ ਦੀ ਘਾਟ ਸ਼ਾਮਿਲ ਹੋ ਸਕਦੀ ਹੈ। ਅਪੰਗਤਾ ਵਾਲੇ ਲੋਕ ਵਧੀਕ ਜ਼ੋਖਮ ਕਾਰਕਾਂ ਦਾ ਅਨੁਭਵ ਵੀ ਕਰ ਸਕਦੇ ਹਨ, ਜਿਸ ਵਿੱਚ ਢੁੱਕਵੀਆਂ ਅਤੇ ਸੁਰੱਖਿਅਤ ਸਹਾਇਤਾ ਸੇਵਾਵਾਂ ਅਤੇ ਨੈੱਟਵਰਕਾਂ ਤੱਕ ਸੀਮਤ ਪਹੁੰਚ ਦਾ ਹੋਣਾ ਸ਼ਾਮਿਲ ਹੈ।

ਜ਼ਬਰਨ ਵਿਆਹ ਦੇ ਗੁੰਝਲਦਾਰ ਪਰਿਵਾਰਕ, ਸੱਭਿਆਚਾਰਕ ਅਤੇ ਸਮਾਜਿਕ ਪਹਿਲੂ ਵੀ ਸਹਾਇਤਾ ਦੀ ਮੰਗ ਕਰਨ ਵਿੱਚ ਰੁਕਾਵਟ ਵਜੋਂ ਕੰਮ ਕਰ ਸਕਦੇ ਹਨ। ਉਦਾਹਰਨ ਲਈ, ਸ਼ਾਇਦ ਇੱਕ ਯੁਵਕ ਆਪਣੇ ਪਰਿਵਾਰ ਜਾਂ ਭਾਈਚਾਰੇ ਦੇ ਮੈਂਬਰ ਬਾਰੇ ਕਿਸ ਨਾਲ ਬਾਹਰ ਗੱਲ ਕਰਨ ਵਿੱਚ ਸਹਿਜ ਮਹਿਸੂਸ ਨਹੀਂ ਨਾ ਕਰੇ।

ਕਾਨੂੰਨੀ ਪ੍ਰਕਿਰਿਆ ਵਿੱਚ ਸ਼ਾਮਿਲ ਹੋਣਾ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਸ਼ਰਮਿੰਦਗੀ ਦੀ ਭਾਵਨਾ ਲਿਆ ਸਕਦਾ ਹੈ ਅਤੇ ਸਹਾਇਤਾ ਦੀ ਮੰਗ ਕਰਨ ਵਾਲੇ ਵਿਅਕਤੀ ਲਈ ਖ਼ਤਰੇ ਨੂੰ ਵਧਾ ਸਕਦਾ ਹੈ। ਜੇਕਰ ਕੋਈ ਵਿਅਕਤੀ ਜ਼ਬਰਨ ਵਿਆਹ ਖਿਲਾਫ਼ ਕਾਨੂੰਨੀ ਸੁਰੱਖਿਆ ਲੈਂਦਾ ਹੈ, ਤਾਂ ਇਹ ਮਹੱਤਵਪੂਰਨ ਹੋਵੇਗਾ ਕਿ ਸੰਬੰਧਿਤ ਖ਼ਤਰਿਆਂ ਨੂੰ ਧਿਆਨ ਨਾਲ ਵਿਚਾਰਿਆ ਜਾਵੇ ਅਤੇ ਉਹਨਾਂ ਨੂੰ ਘੱਟ ਕੀਤਾ ਜਾਵੇ, ਅਤੇ ਸੁਰੱਖਿਆ ਦੀ ਮੰਗ ਕਰਨ ਵਾਲੇ ਵਿਅਕਤੀ ਨੂੰ ਉਚਿਤ ਸਹਾਇਤਾ ਉਪਲਬਧ ਕੀਤੀ ਜਾਵੇ।

**ਸਲਾਹ-ਮਸ਼ਵਰੇ ਦੇ ਸਵਾਲ**

26. ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਸਹਾਇਤਾ ਮੰਗਣ ਦੇ ਜ਼ੋਖਮ ਅਤੇ ਰੁਕਾਵਟਾਂ ਕੀ ਹਨ? ਇਨ੍ਹਾਂ ਨੂੰ ਹੱਲ ਕਰਨ ਲਈ ਕਿਹੜੀਆਂ ਰਣਨੀਤੀਆਂ ਵਿਚਾਰੀਆਂ ਜਾ ਸਕਦੀਆਂ ਹਨ?
27. ਜੇਕਰ ਕੋਈ ਵਿਅਕਤੀ ਕਾਨੂੰਨੀ ਪ੍ਰਣਾਲੀਆਂ ਰਾਹੀਂ ਸੁਰੱਖਿਆ ਮੰਗਦਾ ਹੈ, ਤਾਂ ਉਹ ਕਿਹੜੇ ਜ਼ੋਖਮਾਂ ਅਤੇ ਰੁਕਾਵਟਾਂ ਦਾ ਸਾਹਮਣਾ ਕਰ ਸਕਦਾ ਹੈ? ਇਨ੍ਹਾਂ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ?
28. ਸਹਾਇਤਾ ਪ੍ਰਣਾਲੀਆਂ ਅਤੇ ਕਾਨੂੰਨੀ ਪ੍ਰਣਾਲੀ ਨਾਲ ਜੁੜਨਾ ਜ਼ਬਰਨ ਵਿਆਹ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਖ਼ਤਰੇ ਨੂੰ ਵਧਾ ਸਕਦਾ ਹੈ। ਕੀ ਕੋਈ ਅਜਿਹੀਆਂ ਕਾਰਵਾਈਆਂ ਹਨ ਜੋ ਫਰੰਟਲਾਈਨ ਰਿਸਪੌਂਡਰਾਂ ਜਾਂ ਕਾਨੂੰਨੀ ਸੇਵਾਵਾਂ ਦੁਆਰਾ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ ਜਦੋਂ ਕੋਈ ਵਿਅਕਤੀ ਜ਼ਬਰਨ ਵਿਆਹ ਦੇ ਖ਼ਤਰੇ ਵਿੱਚ ਹੋਵੇ?

## ਬੱਚਿਆਂ ਦੀ ਸਹਾਇਤਾ ਕਰਨਾ

AFP ਰਿਪੋਰਟਾਂ ਦਿਖਾਉਂਦੀਆਂ ਹਨ ਕਿ 1 ਜੁਲਾਈ 2017 ਤੋਂ 30 ਜੂਨ 2022 ਤੱਕ, AFP ਨੂੰ ਮਿਲੀਆਂ ਜ਼ਬਰਨ ਵਿਆਹ ਦੀਆਂ 56% ਰਿਪੋਰਟਾਂ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੀਆਂ ਸਨ, ਜਿਸ ਵਿੱਚੋਂ 31% 16 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੀਆਂ ਸਨ।

ਬੱਚਿਆਂ ਲਈ ਮੌਜੂਦਾ ਸੁਰੱਖਿਆਵਾਂ ਸੂਬੇ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਦੇ ਬਾਲ ਸੁਰੱਖਿਆ ਢਾਂਚਿਆਂ ਅਤੇ *Family Law Act 1975* (ਪਰਿਵਾਰਕ ਕਾਨੂੰਨ ਐਕਟ 1975) (Cth) ਰਾਹੀਂ ਉਪਲਬਧ ਹਨ। ਉਦਾਹਰਨ ਲਈ, *ਫੈਮਿਲੀ ਲਾਅ ਐਕਟ* ਬੱਚਿਆਂ ਦੀ ਸੁਰੱਖਿਆ ਲਈ ਹੁਕਮ ਜਾਰੀ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਸ ਵਿੱਚ ਕਿਸੇ ਵੀ ਵਿਅਕਤੀ ਦੇ ਖਿਲਾਫ਼ ਹੁਕਮ ਜਾਰੀ ਕਰਨਾ ਵੀ ਸ਼ਾਮਿਲ ਹੈ, ਜੇਕਰ ਅਦਾਲਤ ਬੱਚੇ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਅਜਿਹਾ ਕਰਨਾ ਉਚਿਤ ਸਮਝਦੀ ਹੈ, ਅਤੇ ਬੱਚਿਆਂ ਨੂੰ ਆਸਟ੍ਰੇਲੀਆ ਤੋਂ ਬਾਹਰ ਲਿਜਾਣ ਤੋਂ ਰੋਕਣ ਲਈ Airport Watchlist ਵਿੱਚ ਰੱਖਣਾ ਸ਼ਾਮਿਲ ਹੈ।

ਹਾਲਾਂਕਿ, ਜ਼ਬਰਨ ਵਿਆਹ ਤੋਂ ਬਚਣ ਜਾਂ ਬਾਹਰ ਨਿੱਕਲਣ ਦੀ ਕੋਸ਼ਿਸ਼ ਕਰਨ ਵਾਲੇ ਬੱਚਿਆਂ ਦੀ ਵਿਸ਼ੇਸ਼ ਸਹਾਇਤਾ ਅਤੇ ਪਹੁੰਚ ਦੀਆਂ ਜ਼ਰੂਰਤਾਂ 'ਤੇ ਵਾਧੂ ਧਿਆਨ ਦੇਣ ਦੀ ਲੋੜ ਹੈ। ਉਦਾਹਰਨ ਲਈ, ਇਸ ਵਿੱਚ ਕਿਸੇ ਵੀ ਉਸ ਵਧੀਕ ਸਹਾਇਤਾ 'ਤੇ ਵਿਚਾਰ ਕਰਨਾ ਸ਼ਾਮਿਲ ਹੋ ਸਕਦਾ ਹੈ ਜੋ ਜ਼ਬਰਨ ਵਿਆਹ ਦੇ ਜ਼ੋਖਮ ਵਾਲੇ ਬੱਚਿਆਂ ਨੂੰ ਅਦਾਲਤੀ ਦਸਤਾਵੇਜ਼ਾਂ ਅਤੇ ਫਾਰਮਾਂ ਦੇ ਨਾਲ-ਨਾਲ ਢੁੱਕਵੀਂ ਅਦਾਲਤੀ ਸੁਰੱਖਿਆਵਾਂ ਤੱਕ ਪਹੁੰਚ ਕਰਨ ਲਈ ਲੋੜ ਹੋ ਸਕਦੀ ਹੈ।

**ਸਲਾਹ-ਮਸ਼ਵਰੇ ਦੇ ਸਵਾਲ**

29. ਬੱਚਿਆਂ ਨੂੰ ਸੁਝਾਅ ਦਿੱਤੀਆਂ ਕਾਨੂੰਨੀ ਸੁਰੱਖਿਆਵਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰਨ ਅਤੇ ਅਰਜ਼ੀਆਂ, ਅਦਾਲਤ ਦੀਆਂ ਕਾਰਵਾਈਆਂ ਅਤੇ ਹੋਰ ਕਾਨੂੰਨੀ ਪ੍ਰਕਿਰਿਆਵਾਂ ਵਿੱਚ ਉਹਨਾਂ ਦੀ ਮੱਦਦ ਕਰਨ ਲਈ ਹੋਰ ਕਿਹੜੀਆਂ ਵਾਧੂ ਸਹਾਇਤਾਵਾਂ ਅਤੇ ਸੁਰੱਖਿਆਵਾਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ?

# ਸਿੱਟਾ

ਇਸ ਸਲਾਹ-ਮਸ਼ਵਰੇ ਰਾਹੀਂ ਪ੍ਰਦਾਨ ਕੀਤੀ ਗਈ ਸਲਾਹ ਸਾਰੀਆਂ ਆਸਟ੍ਰੇਲੀਆਈ ਸਰਕਾਰਾਂ ਦੇ ਕੰਮਕਾਜ ਨੂੰ ਜਾਣਕਾਰੀ ਪ੍ਰਦਾਨ ਕਰੇਗੀ ਤਾਂ ਜੋ ਜ਼ਬਰਨ ਵਿਆਹ ਖਿਲਾਫ਼ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਮਜ਼ਬੂਤ ਕਰਨ ਲਈ ਇੱਕ ਮਾਡਲ ਤਿਆਰ ਕੀਤਾ ਜਾ ਸਕੇ। ਇਹ ਕੰਮ ਨਿਰਤੰਰ ਜਾਰੀ ਰਹਿਣ ਵਾਲਾ ਹੈ ਅਤੇ ਸਾਰੇ ਨਿਆਂ-ਅਧਿਕਾਰ ਖੇਤਰਾਂ ਦੁਆਰਾ ਹੋਰ ਵਿਚਾਰ ਕੀਤੇ ਜਾਣ ਅਤੇ ਫ਼ੈਸਲੇ ਦੇ ਅਧੀਨ ਹੈ।

ਜੇਕਰ ਤੁਹਾਡੇ ਕੋਈ ਸਵਾਲ ਜਾਂ ਵਧੀਕ ਟਿੱਪਣੀਆਂ ਹਨ ਤਾਂ ਤੁਸੀਂ ਅਟਾਰਨੀ ਜਨਰਲ ਦੇ ਵਿਭਾਗ ਨਾਲ ForcedMarriage@ag.gov.au'ਤੇ ਸੰਪਰਕ ਕਰ ਸਕਦੇ ਹੋ।

## ਸਲਾਹ-ਮਸ਼ਵਰੇ ਦੇ ਇਕੱਠੇ ਕੀਤੇ ਹੋਏ ਸਵਾਲ

*ਸਲਾਹ-ਮਸ਼ਵਰੇ ਲਈ ਪ੍ਰਸਤਾਵ*

1. ਕੀ ਇਹ ਤਰੀਕੇ ਜ਼ਬਰਨ ਵਿਆਹ ਪ੍ਰਤੀ ਰਾਸ਼ਟਰੀ ਪੱਧਰ 'ਤੇ ਇਕਸਾਰ ਜਵਾਬੀ ਕਾਰਵਾਈਆਂ ਨੂੰ ਸੁਧਾਰਨ ਲਈ ਪ੍ਰਭਾਵਸ਼ਾਲੀ ਹਨ? ਕੀ ਇੱਥੇ ਕੋਈ ਹੋਰ ਤਰੀਕੇ ਹਨ ਜਿਨ੍ਹਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ?

*ਭਾਗ 1: ਜ਼ਬਰਨ ਵਿਆਹ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਸਾਂਝੀ ਸਮਝ ਦਾ ਨਿਰਮਾਣ ਕਰਨਾ ਤਾਂ ਜੋ ਪੀੜਤ ਅਤੇ ਬਚਣ ਵਾਲਿਆਂ ਲੋਕਾਂ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕੀਤਾ ਜਾ ਸਕੇ*

2. ਕੀ ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਪਛਾਣਿਆ ਜਾਣਾ ਚਾਹੀਦਾ ਹੈ? ਕਿਉਂ?
3. ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਬਿਹਤਰ ਪਛਾਣਨ ਲਈ ਕਿਹੜੀਆਂ ਕਾਨੂੰਨੀ, ਨੀਤੀਗਤ ਤਬਦੀਲੀਆਂ ਜਾਂ ਵਾਧੂ ਮਾਰਗਦਰਸ਼ਨ ਦੀ ਲੋੜ ਹੈ?
4. ਜ਼ਬਰਨ ਵਿਆਹ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਇੱਕ ਰੂਪ ਵਜੋਂ ਵਧੇਰੇ ਇਕਸਾਰਤਾ ਨਾਲ ਪਛਾਣਨ ਵਿੱਚ ਪਰਿਵਾਰਕ ਅਤੇ ਘਰੇਲੂ ਹਿੰਸਾ ਸੇਵਾਵਾਂ ਦੀ ਮੱਦਦ ਕਰਨ ਲਈ ਕਿਹੜੇ ਸੁਧਾਰਾਂ ਜਾਂ ਵਾਧੂ ਮਾਰਗਦਰਸ਼ਨ ਦੀ ਲੋੜ ਹੋ ਸਕਦੀ ਹੈ?

*ਭਾਗ 2: ਸਿੱਖਿਆ ਅਤੇ ਜਾਗਰੂਕਤਾ ਵਧਾਉਣਾ*

5. ਸਿੱਖਿਆ ਜਾਂ ਜਾਗਰੂਕਤਾ ਵਧਾਉਣ ਵਾਲੀਆਂ ਗਤੀਵਿਧੀਆਂ ਕਿਹੜੇ ਵਿਸ਼ਿਆਂ 'ਤੇ ਕੇਂਦ੍ਰਿਤ ਹੋ ਸਕਦੀਆਂ ਹਨ?
6. ਜ਼ਬਰਨ ਵਿਆਹ ਤੋਂ ਪ੍ਰਭਾਵਿਤ ਭਾਈਚਾਰਿਆਂ ਵਿੱਚ ਸਿੱਖਿਆ ਅਤੇ ਜਾਗਰੂਕਤਾ ਵਧਾਉਣ ਵਿੱਚ ਕੌਣ ਸ਼ਾਮਿਲ ਹੋਣਾ ਚਾਹੀਦਾ ਹੈ?
7. ਭਾਈਚਾਰੇ ਦੇ ਕਿਹੜੇ ਸਮੂਹਾਂ ਨੂੰ ਜ਼ਬਰਨ ਵਿਆਹ ਬਾਰੇ ਸਿੱਖਿਆ ਅਤੇ ਵਧੀਕ ਜਾਗਰੂਕਤਾ ਦੀ ਲੋੜ ਹੈ (ਜਿਵੇਂ ਕਿ ਪੁਲਿਸ, ਬਾਲ ਸੁਰੱਖਿਆ ਵਰਗੇ ਫਰੰਟਲਾਈਨ ਵਰਕਰ ਅਤੇ/ਜਾਂ ਭਾਈਚਾਰੇ ਅੰਦਰ ਖ਼ਾਸ ਵਰਗ)?

*ਭਾਗ 3: ਸਿਵਲ ਸੁਰੱਖਿਆਵਾਂ ਅਤੇ ਉਪਾਵਾਂ ਨੂੰ ਮਜ਼ਬੂਤ ਕਰਨਾ*

*ਫੀਡਬੈਕ ਲਈ ਪ੍ਰਸਤਾਵ*

8. ਕੀ ਤੁਸੀਂ ਸੋਚਦੇ ਹੋ ਕਿ ਆਸਟ੍ਰੇਲੀਆ ਵਿੱਚ ਜ਼ਬਰਨ ਵਿਆਹ ਖਿਲਾਫ਼ ਜਵਾਬੀ ਕਾਰਵਾਈ ਕਰਨ ਅਤੇ ਰੋਕਣ ਲਈ ਉਪਲਬਧ ਮੌਜੂਦਾ ਕਾਨੂੰਨੀ ਸੁਰੱਖਿਆਵਾਂ ਵਿੱਚ ਕੋਈ ਕਮੀਆਂ ਹਨ? ਜੇ ਹਾਂ, ਤਾਂ ਉਹ ਕਮੀਆਂ ਕੀ ਹਨ ਅਤੇ ਕੀ ਉਨ੍ਹਾਂ ਨੂੰ ਰਾਸ਼ਟਰੀ ਪੱਧਰ 'ਤੇ ਜਵਾਬ ਦੇਣ ਦੀ ਲੋੜ ਹੈ?
9. ਇਹ ਪੇਪਰ ਸਿਵਲ ਕਾਨੂੰਨੀ ਸੁਰੱਖਿਆਵਾਂ ਨੂੰ ਮਜ਼ਬੂਤ ਕਰਨ ਲਈ ਦੋ ਤਰੀਕਿਆਂ 'ਤੇ ਵਿਚਾਰ ਕਰਦਾ ਹੈ: ਤਰੀਕਾ A (ਮੌਜੂਦਾ ਕਾਨੂੰਨ ਨੂੰ ਮਜ਼ਬੂਤ ਕਰਨਾ, ਸੰਭਵ ਤੌਰ 'ਤੇ ਸਾਂਝੇ ਸਿਧਾਂਤਾਂ ਰਾਹੀਂ) ਅਤੇ ਤਰੀਕਾ B (ਵੱਖਰਾ ਰਾਸ਼ਟਰੀ ਪੱਧਰ ਦਾ ਕਾਨੂੰਨ ਲੈ ਕੇ ਆਉਣਾ)। ਇਨ੍ਹਾਂ ਦੋਵਾਂ ਲਾਗੂ ਕਰਨ ਵਾਲੇ ਤਰੀਕਿਆਂ ਵਿੱਚੋਂ ਕਿਹੜਾ ਵੱਧ ਪ੍ਰਭਾਵਸ਼ਾਲੀ ਹੋਵੇਗਾ ਅਤੇ ਕਿਉਂ? ਇਸ ਵਿੱਚ ਮੁੱਖ ਜ਼ੋਖਮ ਕੀ ਹਨ? ਕੀ ਇੱਥੇ ਕੋਈ ਹੋਰ ਤਰੀਕੇ ਹਨ ਜਿਨ੍ਹਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ?
10. ਤਰੀਕੇ A ਦੇ ਤਹਿਤ, ਕੀ ਇੱਥੇ ਕੋਈ ਪਰਿਵਾਰਕ ਅਤੇ ਘਰੇਲੂ ਹਿੰਸਾ ਢਾਂਚਿਆਂ ਤੋਂ ਇਲਾਵਾ ਸਿਵਲ ਸੁਰੱਖਿਆ ਢਾਂਚੇ ਹਨ ਜਿਨ੍ਹਾਂ ਦੀ ਵਰਤੋਂ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕੀਤੀ ਜਾ ਸਕਦੀ ਹੈ?

*ਆਦੇਸ਼ਾਂ ਲਈ ਆਧਾਰ*

11. ਜ਼ਬਰਨ ਵਿਆਹ ਨਾਲ ਜੁੜੇ ਕਿਹੜੇ ਸਬੂਤ ਜਾਂ ਹੋਰ ਕਿਸਮਾਂ ਦੀਆਂ ਕਾਰਵਾਈਆਂ, ਜ਼ੋਖਮਾਂ ਜਾਂ ਨੁਕਸਾਨਾਂ ਨੂੰ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਆਦੇਸ਼ ਦੀ ਮੰਗ ਕਰਨ ਲਈ ਆਧਾਰ ਮੰਨਿਆ ਜਾਣਾ ਚਾਹੀਦਾ ਹੈ?

*ਆਦੇਸ਼ਾਂ ਦਾ ਦਾਇਰਾ*

12. ਕੀ ਉੱਪਰ ਸੂਚੀਬੱਧ ਸੁਝਾਅ ਦਿੱਤੀਆਂ ਸੁਰੱਖਿਆਵਾਂ ਬੱਚਿਆਂ ਸਮੇਤ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਨੂੰ ਦਰਪੇਸ਼ ਆਉਂਦੇ ਸਭ ਤੋਂ ਆਮ ਅਤੇ ਮਹੱਤਵਪੂਰਨ ਜ਼ੋਖਮਾਂ ਅਤੇ ਨੁਕਸਾਨਾਂ ਨੂੰ ਹੱਲ ਕਰਦੀਆਂ ਹਨ? ਜੇ ਨਹੀਂ, ਤਾਂ ਹੋਰ ਕੀ ਹੱਲ ਕੀਤਾ ਜਾਣਾ ਚਾਹੀਦਾ ਹੈ?

13. ਕੀ ਸੁਝਾਅ ਦਿੱਤੀਆਂ ਸੁਰੱਖਿਆਵਾਂ ਦੇ ਕੋਈ ਹੋਰ ਜ਼ੋਖਮ ਜਾਂ ਅਣਚਾਹੇ ਸਿੱਟੇ ਹਨ ਜਿਨ੍ਹਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ?

*ਬਿਨੈਕਾਰ*

14. ਕੀ ਇੱਥੇ ਕੋਈ ਹੋਰ ਵਧੀਕ ਵਿਅਕਤੀ ਜਾਂ ਸੰਸਥਾਵਾਂ ਹਨ ਜੋ ਜ਼ਬਰਨ ਵਿਆਹ ਲਈ ਸਿਵਲ ਸੁਰੱਖਿਆ ਦੇ ਆਦੇਸ਼ ਲਈ ਅਰਜ਼ੀ ਦੇਣ ਦੇ ਯੋਗ ਹੋਣੇ ਚਾਹੀਦੇ ਹਨ? ਜੇ ਹਾਂ, ਤਾਂ ਕੌਣ ਅਤੇ ਕਿਉਂ?

15. ਕੀ ਕਿਸੇ ਖ਼ਾਸ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਸੁਰੱਖਿਆ ਆਦੇਸ਼ ਲੈਣ ਲਈ ਅਰਜ਼ੀ ਦੇਣ ਦੀ ਯੋਗਤਾ ਦੇਣ ਨਾਲ ਕੋਈ ਜ਼ੋਖਮ ਜੁੜੇ ਹੋਏ ਹਨ? ਜੇ ਹਾਂ, ਤਾਂ ਇਹ ਜ਼ੋਖਮ ਕੀ ਹਨ ਅਤੇ ਇਨ੍ਹਾਂ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ?

*ਜਵਾਬਦੇਹ*

16. ਕੀ ਇਸ ਗੱਲ 'ਤੇ ਕੋਈ ਰੋਕਾਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ ਕਿ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਲਈ ਕੌਣ ਜਵਾਬਦੇਹ ਹੋ ਸਕਦਾ ਹੈ? ਜੇਕਰ ਹਾਂ, ਤਾਂ ਉਹਨਾਂ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਜਾਣਾ ਚਾਹੀਦਾ ਹੈ (ਜਿਵੇਂ ਕਿ ਸਿਰਫ਼ ਪਰਿਵਾਰਕ ਮੈਂਬਰ)?

*ਪੀੜਤ ਅਤੇ ਬਚਣ ਵਾਲੇ ਦੀ ਆਪਣੀ ਮਰਜ਼ੀ*

17. ਪੀੜਤਾਂ ਅਤੇ ਬਚਣ ਵਾਲੇ ਲੋਕਾਂ 'ਤੇ ਆਦੇਸ਼ ਛੱਡਣ ਲਈ ਦਬਾਅ ਪਾਏ ਜਾਣ ਦੇ ਖ਼ਤਰੇ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ?

18. ਬੱਚਿਆਂ ਸਮੇਤ ਪੀੜਤਾਂ ਅਤੇ ਬਚਣ ਵਾਲਿਆਂ ਦੇ ਵਿਚਾਰਾਂ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਜਾਣਿਆ ਅਤੇ ਜ਼ਬਰਨ ਵਿਆਹ ਖਿਲਾਫ਼ ਸਿਵਲ ਸੁਰੱਖਿਆ ਦੇ ਆਦੇਸ਼ ਜਾਰੀ ਕਰਨ ਅਤੇ ਸੁਣਵਾਈ ਦੀ ਪ੍ਰਕਿਰਿਆ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ?

*ਕਾਨੂੰਨੀ ਪ੍ਰਕਿਰਿਆ ਦੌਰਾਨ ਅਦਾਲਤੀ ਸੁਰੱਖਿਆ ਅਤੇ ਸਹਾਇਤਾ*

19. ਸਿਵਲ ਸੁਰੱਖਿਆ ਦੇ ਆਦੇਸ਼ ਲਈ ਅਰਜ਼ੀ ਪ੍ਰਕਿਰਿਆ ਦੌਰਾਨ ਉਨ੍ਹਾਂ ਦੀ ਸਹਾਇਤਾ ਕਰਨ ਲਈ ਬੱਚਿਆਂ ਸਮੇਤ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਹੋਰ ਕਿਹੜੀਆਂ ਸਹਾਇਤਾਵਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ? ਉਦਾਹਰਨ ਲਈ, ਅਰਜ਼ੀ ਪ੍ਰਕਿਰਿਆ ਦੌਰਾਨ ਵਧੀਕ ਸਹਾਇਤਾ, ਜਾਂ ਵਧੀਕ ਅਦਾਲਤੀ ਸੁਰੱਖਿਆਵਾਂ।

*ਅਸਥਾਈ ਆਦੇਸ਼ ਅਤੇ ਇਕਪਾਸੜ ਸੁਣਵਾਈ*

20. ਅਸਥਾਈ ਆਦੇਸ਼ ਦੇਣ ਲਈ ਕਿਹੜੇ ਆਧਾਰ ਢੁੱਕਵੇਂ ਹੋਣੇ ਚਾਹੀਦੇ ਹਨ ਜਿੱਥੇ ਕੋਈ ਵਿਅਕਤੀ ਜ਼ਬਰਨ ਵਿਆਹ ਵਿੱਚ ਫਸਿਆ ਹੋਇਆ ਜਾਂ ਫਸਣ ਦੇ ਖ਼ਤਰੇ ਵਿੱਚ ਹੈ?

21. ਕੀ ਅਸਥਾਈ ਆਦੇਸ਼ਾਂ ਨੂੰ ਆਦੇਸ਼ਾਂ ਦੇ ਸੁਝਾਅ ਦਿੱਤੇ ਦਾਇਰੇ (ਆਦੇਸ਼ਾਂ ਦੇ ਦਾਇਰੇ ਵਿੱਚ ਦੱਸੇ ਗਏ ਹਨ) ਵਿੱਚੋਂ ਕੁੱਝ ਪਰ ਸਾਰੇ ਸ਼ਾਮਿਲ ਨਾ ਕਰਨ ਤੱਕ ਸੀਮਤ ਹੋਣਾ ਚਾਹੀਦਾ ਹੈ? ਜੇਕਰ ਹਾਂ, ਤਾਂ ਕਿਹੜੀਆਂ ਸੁਰੱਖਿਆਵਾਂ ਸ਼ਾਮਿਲ ਜਾਂ ਬਾਹਰ ਰੱਖੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਕਿਉਂ?

22. ਕਿਸ ਕਿਸਮ ਦੇ ਸਬੂਤ ਜ਼ਬਰਨ ਵਿਆਹ ਦੇ ਜ਼ੋਖਮ ਵੱਲ ਇਸ਼ਾਰਾ ਕਰ ਸਕਦੇ ਹਨ ਅਤੇ ਅਸਥਾਈ ਆਦੇਸ਼ ਦੇ ਆਧਾਰਾਂ 'ਤੇ ਵਿਚਾਰ ਕਰਦੇ ਸਮੇਂ ਪੁਲਿਸ ਦੁਆਰਾ ਵਿਚਾਰੇ ਜਾ ਸਕਦੇ ਹਨ ਜਿੱਥੇ ਕੋਈ ਵਿਅਕਤੀ ਜ਼ਬਰਨ ਵਿਆਹ ਵਿੱਚ ਫਸਿਆ ਹੋਇਆ ਜਾਂ ਫਸਣ ਦੇ ਖ਼ਤਰੇ ਵਿੱਚ ਹੁੰਦਾ ਹੈ?

*ਜਵਾਬਦੇਹ ਨੂੰ ਦਸਤਾਵੇਜ਼ ਸੌਂਪਣਾ, ਆਦੇਸ਼ ਲਾਗੂ ਕਰਨਾ ਅਤੇ ਉਲੰਘਣਾਵਾਂ*

23. ਕੀ ਕੋਈ ਅਜਿਹੇ ਹਾਲਾਤ ਹਨ ਜਿੱਥੇ ਆਦੇਸ਼ਾਂ ਨੂੰ ਨਿੱਜੀ ਤੌਰ 'ਤੇ ਸੌਂਪਣ ਦੀ ਲੋੜ ਨਹੀਂ ਹੋਣੀ ਚਾਹੀਦੀ (ਉਦਾਹਰਨ ਲਈ ਇਲੈਕਟ੍ਰਾਨਿਕ ਸੇਵਾ ਰਾਹੀਂ)? ਜੇਕਰ ਹਾਂ, ਤਾਂ ਉਹ ਹਾਲਾਤ ਕੀ ਹਨ?

*ਹੋਰ ਉਪਾਅ*

24. ਕੀ ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਸਿਵਲ ਸੁਰੱਖਿਆਵਾਂ ਤੋਂ ਇਲਾਵਾ ਕੋਈ ਉਪਾਅ ਮੌਜੂਦ ਹਨ ਜਿਨ੍ਹਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ?

25. ਮੌਜੂਦਾ ਸਮੇਂ ਵਿੱਚ, ਕੀ ਜ਼ਬਰਨ ਵਿਆਹ ਦੇ ਪੀੜਤਾਂ ਅਤੇ ਬਚਣ ਵਾਲਿਆਂ ਨੂੰ ਆਪਣੇ ਜ਼ਬਰਨ ਵਿਆਹ ਨੂੰ ਰੱਦ ਕਰਨ ਦੀ ਘੋਸ਼ਣਾ ਲੈਣ ਦੇ ਸੰਬੰਧ ਵਿੱਚ ਕੋਈ ਰੁਕਾਵਟਾਂ ਜਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ? ਜੇਕਰ ਹਾਂ, ਤਾਂ ਇਹ ਰੁਕਾਵਟਾਂ ਜਾਂ ਮੁਸ਼ਕਲਾਂ ਕਿਵੇਂ ਹੱਲ ਕੀਤੀਆਂ ਜਾ ਸਕਦੀਆਂ ਹਨ?

*ਜ਼ੋਖਮ ਕਾਰਕ*ਅਤੇ *ਸਹਾਇਤਾ ਪ੍ਰਾਪਤ ਕਰਨ ਵਿੱਚ ਰੁਕਾਵਟਾਂ*

26. ਜ਼ਬਰਨ ਵਿਆਹ ਵਿੱਚ ਫਸੇ ਹੋਏ ਜਾਂ ਫਸਣ ਦੇ ਖ਼ਤਰੇ ਵਿਚਲੇ ਲੋਕਾਂ ਲਈ ਸਹਾਇਤਾ ਮੰਗਣ ਦੇ ਜ਼ੋਖਮ ਅਤੇ ਰੁਕਾਵਟਾਂ ਕੀ ਹਨ? ਇਨ੍ਹਾਂ ਨੂੰ ਹੱਲ ਕਰਨ ਲਈ ਕਿਹੜੀਆਂ ਰਣਨੀਤੀਆਂ ਵਿਚਾਰੀਆਂ ਜਾ ਸਕਦੀਆਂ ਹਨ?

27. ਜੇਕਰ ਕੋਈ ਵਿਅਕਤੀ ਕਾਨੂੰਨੀ ਪ੍ਰਣਾਲੀਆਂ ਰਾਹੀਂ ਸੁਰੱਖਿਆ ਮੰਗਦਾ ਹੈ, ਤਾਂ ਉਹ ਕਿਹੜੇ ਜ਼ੋਖਮਾਂ ਅਤੇ ਰੁਕਾਵਟਾਂ ਦਾ ਸਾਹਮਣਾ ਕਰ ਸਕਦਾ ਹੈ? ਇਨ੍ਹਾਂ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ?

28. ਸਹਾਇਤਾ ਅਤੇ ਕਾਨੂੰਨੀ ਪ੍ਰਣਾਲੀਆਂ ਨਾਲ ਜੁੜਨਾ ਜ਼ਬਰਨ ਵਿਆਹ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਖ਼ਤਰੇ ਨੂੰ ਵਧਾ ਸਕਦਾ ਹੈ। ਕੀ ਕੋਈ ਅਜਿਹੀਆਂ ਕਾਰਵਾਈਆਂ ਹਨ ਜੋ ਫਰੰਟਲਾਈਨ ਰਿਸਪੌਂਡਰਾਂ ਜਾਂ ਕਾਨੂੰਨੀ ਸੇਵਾਵਾਂ ਦੁਆਰਾ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ ਜਦੋਂ ਕੋਈ ਵਿਅਕਤੀ ਜ਼ਬਰਨ ਵਿਆਹ ਦੇ ਖ਼ਤਰੇ ਵਿੱਚ ਹੋਵੇ?

*ਬੱਚਿਆਂ ਦੀ ਸਹਾਇਤਾ ਕਰਨਾ*

29. ਬੱਚਿਆਂ ਨੂੰ ਸੁਝਾਅ ਦਿੱਤੀਆਂ ਕਾਨੂੰਨੀ ਸੁਰੱਖਿਆਵਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰਨ ਅਤੇ ਅਰਜ਼ੀਆਂ, ਅਦਾਲਤ ਦੀਆਂ ਕਾਰਵਾਈਆਂ ਅਤੇ ਹੋਰ ਕਾਨੂੰਨੀ ਪ੍ਰਕਿਰਿਆਵਾਂ ਵਿੱਚ ਉਹਨਾਂ ਦੀ ਮੱਦਦ ਕਰਨ ਲਈ ਹੋਰ ਕਿਹੜੀਆਂ ਵਾਧੂ ਸਹਾਇਤਾਵਾਂ ਅਤੇ ਸੁਰੱਖਿਆਵਾਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ?